# ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times | 08 ਸਤੰਬਰ 2025 ਦਿਨ ਸੋਮਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਫ਼ਰੀਦਕੋਟ ਦੁਸਹਿਰਾ ਕਮੇਟੀ ਵੱਲੋਂ ਇਸ ਵਾਰ ਦੁਸਹਿਰਾ ਮੇਲਾ ਨਾ ਮਨਾਉਣ ਦਾ ਫ਼ੈਸਲਾ

ਫ਼ਰੀਦਕੋਟ, 8 ਸਤੰਬਰ : ਪੰਜਾਬ ਅੰਦਰ ਆਏ ਭਿਆਨਕ ਹੜ੍ਹਾਂ ਨੂੰ ਵੇਖਦਿਆਂ ਅੱਜ ਫ਼ਰੀਦਕੋਟ ਦੁਸਹਿਰਾ ਕਮੇਟੀ ਵੱਲੋਂ ਦੁਸਹਿਰੇ ਦਾ ਮੇਲਾ-2025 ਨਾ ਕਰਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਅੱਜ ਫ਼ਰੀਦਕੋਟ ਦੁਸਹਿਰਾ ਕਮੇਟੀ ਫ਼ਰੀਦਕੋਟ ਦੀ ਅਹਿਮ ਮੀਟਿੰਗ ਕਮਲ ਕਲਿਆਣ ਆਸ਼ਰਮ ਫ਼ਰੀਦਕੋਟ ਦੇ ਮਹਾਂਮ੍ਰਿੰਤਜੁ ਮੰਦਰ ਫ਼ਰੀਦਕੋਟ ਕਮੇਟੀ ਦੇ ਪ੍ਰਧਾਨ ਅਸ਼ੋਕ ਸੱਚਰ ਦੀ ਪ੍ਰਧਾਨਗੀ ਹੇਠ ਕੀਤੀ ਗਈ। ਇਸ ਮੌਕੇ ਹਾਜ਼ਰ ਵੱਡੀ ਗਿਣਤੀ 'ਚ ਮੈਂਬਰਾਂ ਨੇ ਪੰਜਾਬ ਅੰਦਰ ਆਏ ਭਿਆਨਕ ਹੜ੍ਹਾਂ ਕਾਰਨ ਮਾਰੇ ਗਏ ਵਿਅਕਤੀਆਂ ਦੀ ਮੌਤ ਤੇ ਦੁੱਖ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਸਰਵਸੰਮਤੀ ਨਾਲ ਫ਼ੈਸਲਾ ਕੀਤਾ ਕਿ 2 ਅਕਤੂਬਰ ਨੂੰ ਦੁਸਹਿਰਾ ਮੇਲਾ, ਨਹਿਰੂ ਸਟੇਡੀਅਮ ਫ਼ਰੀਦਕੋਟ ਵਿਖੇ ਨਹੀਂ ਮਨਾਇਆ ਜਾਵੇਗਾ। ਇਸ ਵਾਰ ਦੁਸਹਿਰਾ ਕਮੇਟੀ ਫ਼ਰੀਦਕੋਟ ਹੜ੍ਹ ਪੀੜਤ ਭੈਣ-ਭਰਾਵਾਂ ਦੀ ਸਹਾਇਤਾ ਵਾਸਤੇ ਆਉਂਦੇ ਦਿਨਾਂ 'ਚ ਭਲਾਈ ਕਾਰਜ ਕਰੇਗੀ। ਇੱਥੇ ਵਰਨਣਯੋਗ ਹੈ ਕਿ ਫ਼ਰੀਦਕੋਟ ਦਾ ਦੁਸਹਿਰਾ ਪੂਰੇ ਉੱਤਰੀ ਭਾਰਤ 'ਚ ਕੁੱਲੂ ਤੋਂ ਬਾਅਦ ਪ੍ਰਸਿੱਧ ਹੈ। ਫ਼ਰੀਦਕੋਟ ਵਿਖੇ ਲੱਗਣ ਵਾਲੇ ਦੁਸਹਿਰੇ ਦੇ ਮੇਲੇ ਨੂੰ ਵੇਖਣ ਲਈ ਫ਼ਰੀਦਕੋਟ ਸ਼ਹਿਰ ਦੇ ਲੋਕਾਂ ਦੇ ਨਾਲ-ਨਾਲ, ਆਸ-ਪਾਸ ਦੇ ਜ਼ਿਲ੍ਹਿਆਂ ਅਤੇ ਪਿੰਡਾਂ ਦੇ ਲੋਕ ਵੱਡੀ ਗਿਣਤੀ 'ਚ ਮੇਲਾ ਵੇਖਣ ਆਉਂਦੇ ਹਨ। ਫ਼ਰੀਦਕੋਟ ਦੁਸਹਿਰਾ ਕਮੇਟੀ ਵੱਲੋਂ ਇਸ ਵਾਰ ਦੇ ਦੁਸਹਿਰੇ ਮੇਲੇ ਲਈ ਸਾਰੇ ਲੋੜੀਂਦੇ ਪ੍ਰਬੰਧ ਮੁਕੰਮਲ ਕਰਨ ਵਾਸਤੇ ਤਿਆਰੀਆਂ ਕਾਫ਼ੀ ਸਮਾਂ ਪਹਿਲਾਂ ਆਰੰਭ ਕਰ ਦਿੱਤੀਆਂ ਗਈਆਂ ਸਨ।



ਅੱਜ ਕੀਤੀ ਮੀਟਿੰਗ ਦੌਰਾਨ ਵਿਚਾਰ ਪੇਸ਼ ਕਰਦਿਆਂ ਚੇਅਰਮੈਨ ਅਸ਼ੋਕ ਸੱਚਰ ਡਾ.ਬਿਮਲ ਗਰਗ, ਸੇਵਾ ਮੁਕਤ ਨਾਇਬ ਤਹਿਸੀਲਦਾਰ ਪ੍ਰਵੀਨ ਸੱਚਰ, ਪੰਡਤ ਰਮੇਸ਼ ਪ੍ਰਾਸ਼ਰ, ਦਵਿੰਦਰ ਸਿੰਘ ਪੰਜਾਬ ਮੋਟਰਜ਼, ਸ਼ਾਮ ਲਾਲ ਗਰਗ ਤਾਊ ਐਂਡ ਕੰਪਨੀ, ਡਾ.ਬਲਜੀਤ ਸ਼ਰਮਾ, ਗੁਰਜਾਪ ਸਿੰਘ ਸੇਖੋਂ, ਪ੍ਰੋ.ਐਨ.ਕੇ.ਗੁਪਤਾ, ਪ੍ਰਿਤਪਾਲ ਸਿੰਘ ਕੋਹਲੀ ਨੇ ਕਿਹਾ ਇਹ ਸਮਾਂ ਸਾਡੇ ਹੜ੍ਹ ਪੀੜਤ ਭੈਣ-ਭਰਾਵਾਂ ਦੀ ਹਰ ਸੰਭਵ ਸਹਾਇਤਾ ਕਰਨ ਦਾ ਹੈ। ਇਸ ਲਈ ਸਾਨੂੰ ਸਭ ਨੂੰ ਮਿਲ ਕੇ ਉਨ੍ਹਾਂ ਦੀ ਬੇਹਤਰੀ ਵਾਸਤੇ ਸੇਵਾ ਕਾਰਜ ਕਰਨੇ ਚਾਹੀਦੇ ਹਨ। ਇਸ ਮੌਕੇ ਰਾਜੇਸ਼ ਰਾਜੂ, ਰਾਜਨ ਠਾਕੁਰ, ਵਿਰਸਾ ਸਿੰਘ ਸੰਧੂ, ਐਕਸੀਅਨ ਰਾਕੇਸ਼ ਕੰਬੋਜ਼, ਰਾਜਨ ਨਾਗਪਾਲ, ਇੰਦਰ ਬਾਂਸਲ, ਪਵਨ ਵਰਮਾ, ਡਾ.ਕਰਨ ਬਜਾਜ, ਵਿਕਾਸ ਭੰਡਾਰੀ, ਐਡਵੋਕੇਟ ਰਾਜੇਸ਼ ਰੀਹਾਨ, ਮੰਚ ਸੰਚਾਲਕ ਰਿਸ਼ੀ ਦੇਸ ਰਾਜ ਸ਼ਰਮਾ, ਐਡਵੋਕੇਟ ਗੌਤਮ ਬਾਂਸਲ, ਸੁਖਬੀਰ ਸਿੰਘ ਸੱਚਦੇਵਾ ਮੈਨੇਜਿੰਗ ਡਾਇਰੈਕਟਰ ਹੋਟਲ ਦਾਸਤਾਨ, ਮੰਗਤ ਰਾਮ ਪਟਵਾਰੀ, ਕਮਲ ਬਾਸੀ, ਲੁਕੇਂਦਰ ਸ਼ਰਮਾ, ਜਗਦੀਸ਼ ਬਾਂਬਾ, ਸਤੀਸ਼ ਬਾਂਬਾ, ਦਰਸ਼ਨ ਲਾਲ ਚੁੱਘ, ਐਡਵੋਕੇਟ ਰਾਜ ਕੁਮਾਰ ਗੁਪਤਾ, ਐਡਵੋਕੇਟ ਪ੍ਰਸ਼ੋਤਮ ਲਾਲ ਚੌਧਰੀ, ਮਨਪ੍ਰੀਤ ਸਿੰਘ ਭੋਲੂਵਾਲਾ, ਅਸ਼ੋਕ ਚਾਨਣਾ, ਅਸ਼ਵਨੀ ਬਾਂਸਲ ਪ੍ਰਧਾਨ ਰੋਟਰੀ ਕਲੱਬ, ਨਵਦੀਪ ਗਰਗ, ਬਰਜਿੰਦਰ ਸਿੰਘ ਸੇਠੀ, ਕੇ.ਪੀ.ਸਿੰਘ ਸਰਾਂ, ਕੇਸ਼ਵ ਕਟਾਰੀਆ, ਐਡਵੋਕੇਟ ਰਾਹੁਲ ਚੌਧਰੀ, ਰਾਹੁਲ ਸੱਚਰ, ਰਮੇਸ਼ ਰੀਹਾਨ, ਰਵੀ ਸੇਠੀ, ਸੁਮਿਤ ਕੁਮਾਰ ਗਰੋਵਰ, ਸੰਨੀ ਸੱਚਦੇਵਾ, ਦੀਪੀ ਚੌਧਰੀ, ਜਸਬੀਰ ਸਿੰਘ ਜੱਸੀ, ਪ੍ਰਮੁੱਖ ਤੌਰ ਤੇ ਹਾਜ਼ਰ ਸਨ।

ਫ਼ੋਟੋ: ਦੁਸਹਿਰਾ ਕਮੇਟੀ ਫ਼ਰੀਦਕੋਟ ਦੇ ਚੇਅਰਮੈਨ ਅਸ਼ੋਕ ਸੱਚਰ ਦੀ ਅਗਵਾਈ ਹੇਠ ਮੀਟਿੰਗ ਕਰਦੇ ਹੋਏ ਦੁਸਹਿਰਾ ਕਮੇਟੀ ਦੇ ਅਹੁੱਦੇਦਾਰ ਅਤੇ ਮੈਂਬਰ।

## ਬੱਚਿਆਂ ਵਿੱਚ ਘੱਟ ਰਹੀਆਂ ਨੈਤਿਕ ਕਦਰਾਂ-ਕੀਮਤਾਂ ਬਹੁਤ ਵੱਡਾ ਚਿੰਤਾ ਦਾ ਵਿਸ਼ਾ।

ਵਰਲਡ ਪੰਜਾਬੀ ਟਾਈਮਜ਼
ਰਾਜਬੀਰ ਕੌਰ

ਅੱਜ ਦੇ ਸਮੇਂ ਵਿੱਚ ਇਹ ਇੱਕ ਗੰਭੀਰ ਮੁੱਦਾ ਹੈ ਕਿ ਸਾਡੇ ਬੱਚਿਆਂ ਵਿੱਚ ਨੈਤਿਕਤਾ ਦੀ ਕਮੀ ਪਾਈ ਜਾ ਰਹੀ ਹੈ। ਇਹ ਬਦਲ ਰਹੇ ਸਮੇਂ ਦਾ ਪ੍ਰਭਾਵ ਕਿਹਾ ਜਾਵੇ ਜਾਂ ਆਧੁਨਿਕ ਤਕਨਾਲੋਜੀ ਦੀ ਤਰੱਕੀ, ਕਾਰਨ ਕੋਈ ਵੀ ਹੋ ਸਕਦਾ ਹੈ । ਪਰ ਇਹ ਤਾਂ ਮੰਨਣਾ ਹੀ ਪਵੇਗਾ ਕਿ ਅੱਜ ਦੇ ਬੱਚੇ ਨੈਤਿਕਤਾ ਤੋਂ ਵਾਂਝੇ ਹੁੰਦੇ ਜਾ ਰਹੇ ਹਨ। ਜਿਸ ਦਾ ਕਿ ਇੱਕ ਵੱਡਾ ਕਾਰਨ ਮੋਬਾਈਲ ਫੋਨ ਵੀ ਮੰਨਿਆ ਜਾ ਸਕਦਾ ਹੈ। ਬੱਚੇ ਘੰਟਿਆਂ ਬੱਧੀ ਫੋਨ ਦੇਖਦੇ ਹਨ, ਜਿਸ ਨਾਲ ਕਿ ਉਹਨਾਂ ਦਾ ਉਹ ਕੀਮਤੀ

ਸਮਾਂ, ਜਿਸ ਵਿੱਚ ਉਨ੍ਹਾਂ ਨੇ ਨੈਤਿਕ ਗੁਣ, ਵੱਡਿਆਂ ਦਾ ਸਤਿਕਾਰ, ਹਲੀਮੀ, ਨਿਮਰਤਾ, ਸਹਿਜ, ਸਮਾਜ ਵਿੱਚ ਵਿਚਰਨ ਦਾ ਢੰਗ ਆਦਿ ਸਿੱਖਣੇ ਸਨ ,ਅਜਾਈਂ ਹੀ ਚਲਾ ਜਾਂਦਾ ਹੈ। ਦੂਸਰਾ ਕਾਰਨ ਸਾਂਝੇ ਪਰਿਵਾਰਾਂ ਦੀ ਕਮੀ ਵੀ ਮੰਨਿਆ ਜਾ ਸਕਦਾ ਹੈ। ਪਹਿਲਾਂ ਜਦੋਂ ਬੱਚਾ ਸਾਂਝੇ ਪਰਿਵਾਰ ਵਿੱਚ ਦਾਦਾ – ਦਾਦੀ, ਤਾਇਆ-ਤਾਈ, ਚਾਚਾ-ਚਾਚੀ ਆਦਿ ਮੈਂਬਰਾਂ ਨਾਲ ਰਹਿ ਕੇ ਵੱਡਾ ਹੁੰਦਾ ਸੀ ਤਾਂ ਉਸ ਵਿੱਚ ਨੈਤਿਕ ਕਦਰਾਂ-ਕੀਮਤਾਂ ਸਹਿਜੇ ਹੀ ਪ੍ਰਵੇਸ਼ ਕਰ ਜਾਂਦੀਆ ਸਨ। ਮਿਲ ਕੇ ਰਹਿਣਾ, ਇੱਕਠੇ ਖਾਣਾ, ਇੱਕ- ਦੂਜੇ ਦੀ ਸਹਾਇਤਾ ਕਰਨੀ, ਦੁੱਖ-ਸੁੱਖ ਸਾਂਝਾ ਕਰਨਾ ਜਿਸ ਨਾਲ ਕਿ ਬੱਚੇ ਵਿੱਚ ਇਕੱਲੇ ਰਹਿਣ ਦੀ ਭਾਵਨਾ ਖਤਮ ਹੋ ਜਾਂਦੀ ਸੀ। ਤੇ ਇਕਹਿਰੇ ਪਰਿਵਾਰ ਵਿੱਚ ਜੇਕਰ ਮਾਤਾ-ਪਿਤਾ ਦੋਵੇਂ ਕੰਮ-ਕਾਜੀ ਹਨ ਤਾਂ ਬੱਚੇ ਜ਼ਿਆਦਾਤਰ ਇਕੱਲੇ ਰਹਿਣ ਕਾਰਨ ਉਹ ਸਮਾਜਿਕ ਹੋਣਾ ਨਹੀਂ ਸਿੱਖ ਸਕਦੇ । ਧਾਰਮਿਕ ਸਿੱਖਿਆ ਦੀ ਕਮੀ ਵੀ ਨੈਤਿਕ ਕਦਰਾਂ ਦੀ ਗਿਰਾਵਟ ਦਾ ਇੱਕ ਕਾਰਨ ਹੈ। ਅੱਜ-ਕੱਲ ਦੇ ਬੱਚਿਆਂ ਵਿੱਚ ਧਰਮ ਪ੍ਰਤੀ ਕੋਈ ਖਾਸ ਦਿਲਚਸਪੀ ਨਹੀਂ ,ਬੱਸ ਉਹ ਆਪਣੇ ਹਿਸਾਬ ਨਾਲ ਆਪਣੀ ਜ਼ਿੰਦਗੀ ਜਿਉਣਾ ਚਾਹੁੰਦੇ ਹਨ। ਜੇਕਰ ਪਹਿਲੇ ਸਮੇਂ ਦੀ ਗੱਲ ਕਰੀਏ ਤਾਂ ਵੱਡਿਆਂ ਦੀ ਗੱਲ ਵਿੱਚ ਨਾ ਬੋਲਣਾ, ਵੱਡਿਆਂ ਦੀ ਗੱਲ ਦਾ ਬੁਰਾ ਨਾ ਮਨਾਉਣਾ ਸ੍ਰਿਸ਼ਟਾਚਾਰ ਦੀ ਨਿਸ਼ਾਨੀ ਮੰਨਿਆ ਜਾਂਦਾ ਸੀ। ਅੱਜ ਦੇ ਸਮੇਂ ਵਿੱਚ ਵੱਡਿਆਂ ਦੀ ਦਖਲਅੰਦਾਜ਼ੀ ਤਾਂ ਦੂਰ, ਉਨਾਂ ਨਾਲ ਗੱਲ ਕਰਨਾ ਵੀ ਪਸੰਦ ਨਹੀਂ ਕੀਤਾ ਜਾਂਦਾ । ਜੇਕਰ ਮਾਤਾ-ਪਿਤਾ ਥੋੜਾ ਜਿਹਾ ਧਿਆਨ ਦੇਣ ਤਾਂ ਸਹਿਜੇ ਹੀ ਅਸੀਂ ਬੱਚਿਆਂ ਨੂੰ ਨੈਤਿਕਤਾ ਸਿਖਾ ਸਕਦੇ ਹਾਂ, ਜਿਸ ਨਾਲ ਕਿ ਉਹ ਸਮੇਂ ਦੇ ਹਾਣੀ ਹੋ ਕੇ ਤਾਂ ਚੱਲਣਗੇ ਹੀ, ਨਾਲ ਹੀ ਉਨ੍ਹਾਂ ਵਿੱਚ ਨੈਤਿਕ ਗੁਣ ਵੀ ਪੈਦਾ ਹੋ ਜਾਣਗੇ।ਅੱਜ ਲੋੜ ਹੈ, ਬੱਸ ਥੋੜ੍ਹੀ ਜਿਹੀ ਮਿਹਨਤ ਕਰਕੇ ਇਨ੍ਹਾਂ ਭਵਿੱਖ ਦੇ ਹੀਰਿਆਂ ਨੂੰ ਤਰਾਸ਼ਣ ਦੀ।

## ਤਰਕਸ਼ੀਲ ਸੁਸਾਇਟੀ ਪੰਜਾਬ ਹੜ੍ਹ ਪ੍ਰਭਾਵਿਤ ਲੋਕਾਂ ਲਈ ਅੱਗੇ ਆਈ

### ਪੰਜਾਬ ਅਤੇ ਕੇਂਦਰ ਸਰਕਾਰਾਂ ਤੋਂ ਜੰਗੀ ਪੱਧਰ ਤੇ ਰਾਹਤ ਪਹੁੰਚਾਉਣ ਦੀ ਮੰਗ

ਵਰਲਡ ਪੰਜਾਬੀ ਟਾਈਮਜ਼
ਮਾਸਟਰ ਪਰਮਵੇਦ

ਸੰਗਰੂਰ 8 ਸਤੰਬਰ : ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜੋਨ ਜਥੇਬੰਦਕ ਮੁਖੀ ਮਾਸਟਰ ਪਰਮ ਵੇਦ,ਵਿੱਤ ਮੁਖੀ ਸੋਹਣ ਸਿੰਘ ਮਾਝੀ ਤੇ ਮੀਡੀਆ ਮੁਖੀ ਸੀਤਾ ਰਾਮ ਬਾਲਦ ਕਲਾਂ ਨੇ ਜੋਨ ਬਰਨਾਲਾ- ਸੰਗਰੂਰ ਦੀਆਂ ਇਕਾਈਆਂ ਦੇ ਆਗੂਆਂ ਅਤੇ ਮੈਂਬਰਾਂ ਸਮੇਤ ਦੇਸ਼ ਵਿਦੇਸ਼ ਵਿੱਚ ਵਸਦੇ ਹਮਦਰਦ ਸਾਥੀਆਂ ਨੂੰ ਜ਼ੋਰਦਾਰ ਅਪੀਲ ਕੀਤੀ ਹੈ ਕਿ ਉਹ ਆਪੋ ਆਪਣੀ ਸਮਰਥਾ ਅਨੁਸਾਰ ਪੰਜਾਬ ਵਿੱਚ ਹੜ੍ਹਾਂ ਦੀ ਤਬਾਹੀ ਤੋਂ ਪੀੜਤ ਪਰਿਵਾਰਾਂ ਦੀ ਵਿੱਤੀ ਮਦਦ ਲਈ ਅੱਗੇ ਆਉਣ। ਇਸਦੇ ਨਾਲ ਹੀ ਸੁਸਾਇਟੀ ਨੇ ਪੰਜਾਬ ਅਤੇ ਕੇਂਦਰ ਸਰਕਾਰ ਤੋਂ ਵੀ ਮੰਗ ਕੀਤੀ ਹੈ ਕਿ ਹੜ੍ਹ ਪੀੜਤ ਲੋਕਾਂ ਦੇ ਜਾਨ ਮਾਲ ਦੀ ਰਾਖੀ ਕਰਨ ਦੇ ਨਾਲ ਨਾਲ ਉਨ੍ਹਾਂ ਨੂੰ ਭੋਜਨ, ਤਰਪਾਲਾਂ ਅਤੇ ਪਸ਼ੂਆਂ ਦੇ ਚਾਰੇ ਸਮੇਤ ਹਰ ਪ੍ਰਕਾਰ ਦੀ ਫੌਰੀ ਮਦਦ ਪਹੁੰਚਾਉਣ ਦੇ ਉਪਰਾਲੇ ਤੇਜ਼ ਕੀਤੇ ਜਾਣ।
ਆਗੂਆਂ ਦੱਸਿਆ ਕਿ ਹੜਾਂ ਦੀ ਕੁਦਰਤੀ ਆਫ਼ਤ ਅਤੇ ਇਨ੍ਹਾਂ ਦੀ ਰੋਕਥਾਮ ਲਈ ਅਗਾਊਂ ਪ੍ਰਬੰਧਾਂ ਵਿੱਚ ਪੰਜਾਬ ਸਰਕਾਰ ਦੀ ਘੋਰ ਲਾਪਰਵਾਹੀ ਤੇ ਬਦਇੰਤਜ਼ਾਮੀ ਨੇ ਪੰਜਾਬ ਦੇ ਪਿੰਡਾਂ ਦੇ ਲੱਖਾਂ ਲੋਕਾਂ ਦੇ ਘਰਾਂ, ਡੰਗਰਾਂ,ਫ਼ਸਲਾਂ, ਪਸ਼ੂ ਚਾਰਾ,ਖੇਤੀ ਸੰਦਾਂ ਅਤੇ ਜ਼ਮੀਨਾਂ ਨੂੰ ਬਰਬਾਦ ਕਰਕੇ ਰੱਖ ਦਿੱਤਾ ਹੈ ਅਤੇ ਪੰਜਾਬ ਦੇ ਲੋਕਾਂ ਦਾ ਵੱਡੇ ਪੱਧਰ ਤੇ ਜਾਨੀ ਅਤੇ ਮਾਲੀ ਨੁਕਸਾਨ ਹੋਇਆ ਹੈ ਜਿਸਦੀ ਭਰਪਾਈ ਲਈ ਪੰਜਾਬ ਅਤੇ ਕੇਂਦਰ ਸਰਕਾਰਾਂ ਨੂੰ ਜੰਗੀ ਪੱਧਰ ਤੇ ਯਤਨ ਕਰਨ ਦੀ ਲੋੜ ਹੈ।
ਉਨ੍ਹਾਂ ਦੱਸਿਆ ਕਿ ਤਰਕਸ਼ੀਲ ਸੁਸਾਇਟੀ ਪੰਜਾਬ ਪੀੜਤ ਲੋਕਾਂ ਦੀਆਂ ਲੋੜਾਂ ਵਿੱਚੋਂ ਕੁੱਝ ਦੀ ਪੂਰਤੀ ਲਈ ਆਪਣੇ ਯਤਨਾਂ ਨਾਲ ਸਹਾਇਤਾ ਰਾਸ਼ੀ ਇਕੱਠੀ ਕਰਨ ਦੀ ਜਨਤਕ ਮੁਹਿੰਮ ਚਲਾ ਰਹੀ ਹੈ ਅਤੇ ਇਸ ਇੱਕਠੀ ਹੋਈ ਸਹਾਇਤਾ ਰਾਸ਼ੀ ਨਾਲ ਪੰਜਾਬ ਦੇ ਵੱਖ ਵੱਖ ਇਲਾਕਿਆਂ ਦੇ ਸਹੀ ਲੋੜਵੰਦਾਂ ਦੀ ਪਹਿਚਾਣ ਕਰਕੇ ਢੁਕਵੇਂ ਸਮੇਂ ਤੇ ਢੁਕਵੀਂ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਇਕਾਈ ਸੰਗਰੂਰ ਦੇ ਆਗੂਆਂ ਸੁਰਿੰਦਰ ਪਾਲ, ਕ੍ਰਿਸ਼ਨ ਸਿੰਘ, ਗੁਰਦੀਪ ਸਿੰਘ ਲਹਿਰਾ, ਗੁਰਜੰਟ ਸਿੰਘ,ਸੁਖਦੇਵ ਸਿੰਘ ਕਿਸ਼ਨਗੜ੍ਹ ਤੇ ਲੈਕਚਰਾਰ ਜਸਦੇਵ ਸਿੰਘ ਤਰਕਸ਼ੀਲ ਆਗੂਆਂ ਨੇ ਦੱਸਿਆ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਪਾਣੀ ਘਟਣ ਨਾਲ ਜਿਉਂ ਜਿਉਂ ਲੋਕਾਂ ਨੂੰ ਆਪਣੇ ਨੁਕਸਾਨ ਦਾ ਪਤਾ ਚਲੇਗਾ ਤਾਂ ਉਹਨਾਂ ਅੱਗੇ ਹੋਰ ਵੀ ਬਹੁਤ ਸਾਰੀਆਂ ਲੋੜਾਂ ਦਰਪੇਸ਼ ਹੋਣਗੀਆਂ ਜਿੰਨ੍ਹਾਂ ਲਈ ਕਾਫ਼ੀ ਸਮੇਂ ਤੱਕ ਵੱਡੇ ਪੱਧਰ ਤੇ ਵਿੱਤੀ ਸਹਾਇਤਾ ਦੀ ਲੋੜ ਬਣੀ ਰਹੇਗੀ।
ਤਰਕਸ਼ੀਲ ਆਗੂਆਂ ਨੇ ਅਪੀਲ ਕੀਤੀ ਕਿ ਇਹ ਸਹਾਇਤਾ ਰਾਸ਼ੀ ਤਰਕਸ਼ੀਲ ਸੁਸਾਇਟੀ ਦੀ ਕਿਸੇ ਵੀ ਇਕਾਈ ਰਾਹੀਂ ਦਿੱਤੀ ਜਾ ਸਕਦੀ ਹੈ। ਸਹਾਇਤਾ ਰਾਸ਼ੀ ਸਿੱਧੀ ਤਰਕਸ਼ੀਲ ਸੁਸਾਇਟੀ ਪੰਜਾਬ ਰਜਿ: ਦੇ ਖਾਤਾ ਨੰਬਰ
0044000100282234
IFSC ਕੋਡ PUNB 0004400 ਪੰਜਾਬ ਨੈਸ਼ਨਲ ਬੈਂਕ ਬਰਨਾਲਾ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸਹਾਇਤਾ ਰਾਸ਼ੀ ਦੀ ਸੂਚਨਾ ਸੂਬਾ ਵਿਤ ਮੁਖੀ ਰਾਜੇਸ਼ ਅਕਲੀਆ ਜੀ ਨੂੰ ਮੋਬਾਈਲ ਨੰਬਰ 9815670725 ਦੇ ਵਟਸਐੱਪ ਤੇ ਜਾਂ ਕਿਸੇ ਵੀ ਤਰਕਸ਼ੀਲ ਸੁਸਾਇਟੀ ਦੇ ਕਾਰਕੁੰਨ ਨੂੰ ਜਰੂਰ ਭੇਜਣ।

## ਨਿਸ਼ਕਾਮ ਸੇਵਾ ਸੰਮਤੀ ਵੱਲੋਂ 267ਵਾਂ ਮਾਸਿਕ ਮੁਫ਼ਤ ਰਾਸ਼ਨ ਵੰਡ ਸਮਾਰੋਹ ਸਫਲਤਾਪੂਰਵਕ ਆਯੋਜਿਤ

### ਮੁੱਖ ਮਹਿਮਾਨ ਨੇ ਰਾਸ਼ਨ ਵੰਡਣ ਵਾਲੀਆਂ ਗੱਡੀਆਂ ਨੂੰ ਹਰੀ ਝੰਡੀ ਦੇ ਕੇ ਕੀਤਾ ਰਵਾਨਾ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 8 ਸਤੰਬਰ ਨਿਸ਼ਕਾਮ ਸੇਵਾ ਸੰਮਤੀ (ਰਜਿ.) ਕੋਟਕਪੂਰਾ ਵੱਲੋਂ 267ਵਾਂ ਮਾਸਿਕ ਮੁਫ਼ਤ ਰਾਸ਼ਨ ਵੰਡ ਸਮਾਰੋਹ 7 ਸਤੰਬਰ 2025 ਨੂੰ ਅਗਰਵਾਲ ਭਵਨ, ਕੋਟਕਪੂਰਾ ਵਿੱਚ ਸ਼ਰਧਾ, ਸੇਵਾ-ਭਾਵਨਾ ਅਤੇ ਨਿਮਰਤਾ ਨਾਲ ਸਫਲਤਾਪੂਰਵਕ ਸੰਪੰਨ ਹੋਇਆ। ਇਹ ਕੇਵਲ ਇੱਕ ਮੁਫ਼ਤ ਰਾਸ਼ਨ : ਵੰਡਣ ਦਾ ਕਾਰਜ ਨਹੀਂ ਸੀ, ਬਲਕਿ ਇਨਸਾਨੀਅਤ ਪ੍ਰਤੀ ਸਮਰਪਿਤ ਨਿਰਲੋਭ ਸੇਵਾ ਦਾ ਪ੍ਰਤੀਕ ਸੀ। ਪਿਛਲੇ ਕਰੀਬ 22 ਸਾਲਾਂ ਤੋਂ ਸੰਮਤੀ ਸਿਰਫ ਆਪਣੇ ਮੈਂਬਰਾਂ ਦੇ ਯੋਗਦਾਨ ਨਾਲ—ਬਿਨਾਂ ਕਿਸੇ ਸਰਕਾਰੀ ਜਾਂ ਬਾਹਰੀ ਸਹਾਇਤਾ ਤੋਂ ਆਮਦਨ-ਰਹਿਤ, ਵਿਧਵਾ ਅਤੇ ਲੋੜਵੰਦ ਔਰਤਾਂ ਨੂੰ ਮੁਫ਼ਤ ਰਾਸ਼ਨ ਸਹਾਇਤਾ ਦੇ ਰਹੀ ਹੈ। ਸਮਾਰੋਹ ਦੀ ਸ਼ੁਰੂਆਤ ਭਗਵਾਨ ਦੇ ਨਾਮ ਸਿਮਰਨ ਨਾਲ ਹੋਈ ਜਿਸ ਨਾਲ ਹਾਜ਼ਰੀਨ ਨੂੰ ਅੰਦਰੂਨੀ ਸ਼ਾਂਤੀ ਅਤੇ ਆਤਮਿਕ ਉਤਸ਼ਾਹ ਦੀ ਅਨੁਭੂਤੀ ਹੋਈ। ਇਸ ਕਾਰਜ ਦੀ ਅਗਵਾਈ ਸੰਸਥਾ ਦੇ ਸਰਪ੍ਰਸਤ ਯਸ਼ਪਾਲ ਅਗਰਵਾਲ ਜੀ ਅਤੇ ਪ੍ਰਧਾਨ ਮਨੋਜ ਦਿਵੇਦੀ ਜੀ ਵੱਲੋਂ ਕੀਤੀ ਗਈ। ਹਰ ਮਹੀਨੇ ਲਗਭਗ 435



ਲੋੜਵੰਦ ਮਹਿਲਾਵਾਂ ਨੂੰ, ਜੋ ਕੋਟਕਪੂਰਾ ਸ਼ਹਿਰ ਅਤੇ ਨੇੜਲੇ ਪਿੰਡਾਂ ਵਿੱਚ ਵੱਸਦੀਆਂ ਹਨ, ਉਨ੍ਹਾਂ ਦੀ ਰੋਜ਼ਾਨਾ ਲੋੜ ਮੁਤਾਬਕ ਤਿਆਰ ਕੀਤਾ ਗਿਆ ਮੁਫ਼ਤ ਰਾਸ਼ਨ ਉਹਨਾਂ ਦੇ ਘਰ ਤੱਕ ਹਰ ਮਹੀਨੇ ਪਹੁੰਚਾਇਆ ਜਾਂਦਾ ਹੈ। ਸੰਮਤੀ ਦੇ ਜਨਰਲ ਸਕੱਤਰ ਲੈਕਚਰਾਰ ਵਰਿੰਦਰ ਕਟਾਰੀਆ ਜੀ ਨੇ ਸੇਵਾ ਦੇ ਨਿਯਮ, ਕਾਰਜ-ਪ੍ਰਕਿਰਿਆ ਅਤੇ ਪੂਰੀ ਪਾਰਦਰਸ਼ੀਤਾ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਸੰਸਥਾ ਸਿਰਫ ਦਾਨਦਾਤਾ ਮੈਂਬਰਾਂ ਦੇ ਯੋਗਦਾਨ 'ਤੇ ਨਿਰਭਰ ਹੈ। ਇਸ ਮੌਕੇ ਸਿਮਰਨਜੀਤ ਕੌਰ ਸੰਸਥਾ ਦੇ ਪਰਿਵਾਰ ਨਾਲ ਜੋੜੇ, ਜਿਸ ਦਾ ਮੈਂਬਰਾਂ ਨੇ ਤਾੜੀਆਂ ਨਾਲ ਸਵਾਗਤ ਕੀਤਾ। ਯਸ਼ਪਾਲ ਅਗਰਵਾਲ ਜੀ ਨੇ ਆਪਣੇ ਆਧਿਆਤਮਿਕ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸੇਵਾ ਹੀ ਅਸਲ ਭਗਤੀ ਹੈ। ਜਦੋਂ ਮਨੁੱਖ ਆਪਣੀ ਕਮਾਈ ਵਿੱਚੋਂ ਇੱਕ ਹਿੱਸਾ ਲੋੜਵੰਦਾਂ ਲਈ ਸਮਰਪਿਤ ਕਰਦਾ ਹੈ, ਤਾਂ ਇਹ ਕੇਵਲ ਮਨੁੱਖੀ ਫਰਜ਼ ਨਹੀਂ ਰਹਿੰਦਾ, ਸਗੋਂ ਰੂਹਾਨੀ ਉੱਚਾਈਆਂ ਪ੍ਰਾਪਤ ਕਰਨ ਦਾ ਸਾਧਨ ਬਣ ਜਾਂਦਾ ਹੈ। ਉਨ੍ਹਾਂ ਜ਼ੋਰ ਦਿੱਤਾ ਕਿ ਲੋੜਵੰਦਾਂ ਦੀ ਸੇਵਾ ਦਰਅਸਲ ਰੱਬ ਦੀ ਸੇਵਾ ਹੈ ਅਤੇ ਇਹੀ ਸੱਚੀ ਅਰਦਾਸ ਅਤੇ ਭਗਤੀ ਹੈ, ਜੋ ਮਨੁੱਖ ਨੂੰ ਆਤਮਕ ਸ਼ਾਂਤੀ ਅਤੇ ਪਰਮਾਤਮਾ ਨਾਲ ਇਕ ਰੂਪ ਹੋਣ ਦਾ ਅਨੰਦ ਪ੍ਰਦਾਨ ਕਰਦੀ ਹੈ। ਉਨ੍ਹਾਂ ਨੇ ਸਮਾਜ ਨੂੰ ਪ੍ਰੇਰਿਤ ਕੀਤਾ ਕਿ ਆਪਣੀ ਕਮਾਈ ਵਿਚੋਂ ਇੱਕ ਹਿੱਸਾ ਲੋੜਵੰਦਾਂ ਲਈ ਨਿਯਤ ਕਰਨਾ ਨਾ ਸਿਰਫ ਮਨੁੱਖੀ ਫਰਜ਼ ਹੈ, ਸਗੋਂ ਆਤਮਿਕ ਉੱਚਾਈ ਪ੍ਰਾਪਤ ਕਰਨ ਦਾ ਸਾਧਨ ਵੀ ਹੈ। ਸਮਾਰੋਹ ਵਿੱਚ ਮੁੱਖ ਮਹਿਮਾਨ ਹਰਨਾਮ ਸਿੰਘ ਜੀ (ਰਿਟਾਇਰਡ ਪਟਵਾਰੀ), ਜੋ ਆਪਣੀ ਪੋਤਰੀ ਜਸ਼ਨਪ੍ਰੀਤ ਕੌਰ ਦੇ ਜਨਮਦਿਨ ਦੇ ਸੰਦਰਭ ਵਿੱਚ ਹਾਜ਼ਰ ਹੋਏ, ਨੇ ਸੰਸਥਾ ਦੀ ਨਿਸ਼ਕਾਮ ਸੇਵਾ ਦੀ ਭਰਪੂਰ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਕਿਹਾ ਕਿ ਇਹੋ ਜਿਹੀਆਂ ਸੰਸਥਾਵਾਂ ਸਮਾਜ ਵਿਚ ਚੰਗਿਆਈ ਦੀ ਜੋਤ ਜਗਾਈ ਰੱਖਦੀਆਂ ਹਨ। ਆਪਣੀ ਸ਼ਰਧਾ ਦੇ ਪ੍ਰਤੀਕ ਵਜੋਂ ਉਨ੍ਹਾਂ ਨੇ 5100 ਰੁਪਏ ਦੀ ਭੇਟ ਸੰਮਤੀ ਨੂੰ ਜਰੂਰਤਮੰਦ ਔਰਤਾਂ ਦੀ ਮੱਦਦ ਲਈ ਅਰਪਣ ਕੀਤੀ। ਇਸ ਮੌਕੇ ਹਰਨਾਮ ਸਿੰਘ ਜੀ ਦੀ 17 ਸਾਲਾ ਪੋਤਰੀ ਨਮਰੀਤ ਕੌਰ ਨੇ ਵੀ ਬਹੁਤ ਹੀ ਪ੍ਰਭਾਵਸ਼ਾਲੀ ਭਾਸ਼ਣ ਕੀਤਾ। ਉਸਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਨਿਸ਼ਕਾਮ ਸੇਵਾ ਸੰਮਤੀ ਦੁਆਰਾ ਕੀਤਾ ਜਾ ਰਿਹਾ ਮੁਫ਼ਤ ਰਾਸ਼ਨ ਵੰਡਣ ਦਾ ਕਾਰਜ ਸਿਰਫ ਸਹਾਇਤਾ ਨਹੀਂ, ਸਗੋਂ ਸੱਚੀ ਇਨਸਾਨੀਅਤ ਅਤੇ ਭਗਤੀ ਦਾ ਪ੍ਰਤੀਕ ਹੈ। ਉਸਨੇ ਕਿਹਾ ਕਿ ਇਹ ਕਾਰਜ ਨੌਜਵਾਨ ਪੀੜ੍ਹੀ ਲਈ ਪ੍ਰੇਰਣਾ ਦਾ ਸਰੋਤ ਹੈ ਕਿ ਸਾਨੂੰ ਵੀ ਆਪਣੀ ਜ਼ਿੰਦਗੀ ਵਿੱਚ ਦੂਜਿਆਂ ਦੀ ਮਦਦ ਕਰਨ ਲਈ ਹਮੇਸ਼ਾਂ ਤਿਆਰ ਰਹਿਣਾ ਚਾਹੀਦਾ ਹੈ। ਉਸਦੇ ਸ਼ਬਦਾਂ ਨੇ ਹਾਜ਼ਰ ਸਭ ਲੋਕਾਂ ਦੇ ਦਿਲਾਂ ਨੂੰ ਛੂਹ ਲਿਆ ਅਤੇ ਨੌਜਵਾਨੀ ਦੀ ਰੂਹ ਵਿੱਚ ਸੇਵਾ ਦਾ ਨਵਾਂ ਜਜ਼ਬਾ ਜਗਾਇਆ। ਇਸ ਮੌਕੇ ਵਰਿੰਦਰ ਕਟਾਰੀਆ ਨੇ ਮੁੱਖ ਮਹਿਮਾਨ ਹਰਨਾਮ ਸਿੰਘ ਜੀ ਨੂੰ ਜੋ ਕਿ ਆਪਣੇ ਪਰਿਵਾਰ ਨਾਲ ਹਾਜਰ ਸੀ, ਜਿਨ੍ਹਾਂ ਵਿੱਚ ਉਨ੍ਹਾਂ ਨਾਲ ਸਰਬਜੀਤ ਸਿੰਘ, ਹਰਪ੍ਰੀਤ ਕੌਰ, ਜਸਵਿੰਦਰ ਸਿੰਘ, ਰਵਿੰਦਰਪਾਲ ਕੌਰ, ਧੀ ਰਸ਼ਮੀਤ ਕੌਰ, ਧੀ ਨਮਰੀਤ ਕੌਰ ਅਤੇ ਰਜਤ ਭੱਲਾ (ਬ.ਓ.ਮ.) ਜੀ ਨੂੰ ਰਾਸ਼ਨ ਵੰਡਣ ਦੀ ਪੂਰੀ ਪ੍ਰਕਿਰਿਆ, ਲਾਭਪਾਤਰੀ ਦੀ ਜਾਂਚ ਅਤੇ ਘਰ-ਘਰ ਸਪਲਾਈ ਦੇ ਤਰੀਕੇ ਬਾਰੇ ਜਾਣੂ ਕਰਵਾਇਆ ਗਿਆ। ਇਸ ਭਾਵਨਾਤਮਕ ਸਮਾਗਮ ਦੌਰਾਨ ਮੁਖ ਮਹਿਮਾਨ ਅਤੇ ਹੋਰ ਵਿਅਕਤੀਆਂ ਲਈ ਚਾਹ-ਪਾਣੀ ਦੀ ਵਿਵਸਥਾ ਸੰਜੀਵ ਢੀਂਗਰਾ ਅਤੇ ਸੰਦੀਪ ਸਚਦੇਵਾ ਵੱਲੋਂ ਪੂਰੀ ਇਮਾਨਦਾਰੀ ਅਤੇ ਸਤਿਕਾਰ ਯੋਗ ਭਾਵ ਨਾਲ ਕੀਤੀ ਗਈ। ਪ੍ਰੋਗਰਾਮ ਦੇ ਅੰਤ ਵਿੱਚ ਮੁੱਖ ਮਹਿਮਾਨ ਨੇ ਰਾਸ਼ਨ ਵੰਡਣ ਵਾਲੀਆਂ ਗੱਡੀਆਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ, ਜਿਹੜੀਆਂ 435 ਜਰੂਰਤਮੰਦ ਮਹਿਲਾਵਾਂ ਤੱਕ ਸਹਾਇਤਾ ਪਹੁੰਚਾਉਣ ਲਈ ਨਿਕਲੀਆਂ। ਇਸ ਉਤਸ਼ਾਹਵਰਧਕ ਸਮਾਰੋਹ ਵਿੱਚ ਕਈ ਪ੍ਰਸਿੱਧ ਹਸਤੀਆਂ ਜਿਵੇਂ ਕਿ ਲੈਕਚਰਾਰ ਵਰਿੰਦਰ ਕਟਾਰੀਆ, ਕੈਸ਼ੀਅਰ ਸੋਮਨਾਥ ਗਰਗ, ਟੀ.ਆਰ. ਅਰੋੜਾ, ਮਨਮੋਹਨ ਸਿੰਘ ਚਾਵਲਾ, ਸੁਬਾਸ਼ ਜਰਮਨੀ, ਕ੍ਰਿਸ਼ਨ ਮੁਨੀਮ, ਮਾਸਟਰ ਹਰਬੰਸ ਲਾਲ ਸ਼ਰਮਾ, ਰਾਜਿੰਦਰ ਕੁਮਾਰ, ਸ਼ਾਮ ਲਾਲ ਸਿੰਗਲਾ, ਜਗਰਾਜ ਸਿੰਘ ਜੇ.ਈ., ਅਨਿਲ ਕੁਮਾਰ ਗੋਇਲ, ਇਕਬਾਲ ਸਿੰਘ ਮੱਲਣ, ਗੁਰਚਰਨ ਸਿੰਘ, ਦਰਸ਼ਨ ਗੋਇਲ, ਜਸਵਿੰਦਰ ਸਿੰਘ, ਸਿਮਰਨਜੀਤ ਕੌਰ, ਓਮ ਪ੍ਰਕਾਸ਼ ਗੁਪਤਾ, ਸੁਨੀਤਾ ਰਾਣੀ, ਸੰਜੀਵ ਢੀਂਗਰਾ, ਸੰਦੀਪ ਸਚਦੇਵਾ, ਬੂਟਾ ਸਿੰਘ ਪੁਰਬਾ, ਮੁਕੇਸ਼ ਜਿੰਦਲ ਆਦਿ ਹਾਜ਼ਰ ਰਹੀਆਂ। ਇਹ ਸਾਰੇ ਹੀ ਸੰਸਥਾ ਦੇ ਮਜ਼ਬੂਤ ਸਤੰਭ ਹਨ ਜੋ ਸੇਵਾ ਰਾਹੀਂ ਨਵੀਂ ਇਤਿਹਾਸਿਕ ਮਿਸਾਲ ਕਾਇਮ ਕਰ ਰਹੇ ਹਨ। ਸਮਾਰਹ ਦਾ ਅੰਤ ਸਰਦਾਰ ਹਰਨਾਮ ਸਿੰਘ ਜੀ ਦੇ ਧੰਨਵਾਦੀ ਸ਼ਬਦਾਂ ਨਾਲ ਹੋਇਆ। ਅਗਲਾ 268ਵਾਂ ਮਾਸਿਕ ਰਾਸ਼ਨ ਵੰਡ ਸਮਾਰੋਹ 5 ਅਕਤੂਬਰ 2025 (ਐਤਵਾਰ) ਨੂੰ ਆਯੋਜਿਤ ਕੀਤਾ ਜਾਵੇਗਾ।


## ਸਰਕਾਰਾਂ ਗਾਇਬ ਲੋਕ ਆਪਣਾ ਬਚਾਅ ਆਪ ਕਰ ਰਹੇ ਹਨ- ਮਨਪ੍ਰੀਤ ਸਿੰਘ ਇਆਲੀ

ਵਰਲਡ ਪੰਜਾਬੀ ਟਾਈਮਜ਼
ਬਲਬੀਰ ਸਿੰਘ ਬੱਬੀ

ਮਾਛੀਵਾੜਾ ਸਾਹਿਬ 8 ਸਤੰਬਰ : ਮਾਛੀਵਾੜਾ ਇਲਾਕੇ ਵਿੱਚ ਪੈਂਦੇ ਦਰਿਆ ਭਸੇ ਪਿੰਡ ਕੋਲ ਲਗਾਤਾਰ ਕਈ ਦਿਨਾਂ ਤੋਂ ਪਾਣੀ ਦਾ ਵਹਾਅ ਤੇਜ਼ ਤੇ ਘੁੰਮਣ ਘੇਰੀ ਕਾਰਨ ਭਸਿਆਂ ਵਾਲੇ ਬੰਨ ਨੂੰ ਖੋਰਾ ਲਾ ਰਿਹਾ ਹੈ। ਇਲਾਕੇ ਦੇ ਪਿੰਡਾਂ ਦੇ ਲੋਕਾਂ ਨੇ ਇਕੱਤਰ ਹੋ ਕੇ ਦਰਿਆ ਦੇ ਅੱਗੇ ਖੁਦ ਹੀ ਦਰਿਆ ਬਣ ਕੇ ਖੜ ਕੇ ਦਿਖਾ ਦਿੱਤਾ ਹੈ ਜਿਸ ਤਰ੍ਹਾਂ ਲੋਕ ਜਾਨ ਜੋਖ਼ਮ ਵਿੱਚ ਪਾ ਕੇ ਲੋਕਾਂ ਨੂੰ ਬਚਾਉਣ ਵਿੱਚ ਖੁਦ ਹੀ ਲੱਗੇ ਹੋਏ ਹਨ ਇਹੀ ਪੰਜਾਬੀਆਂ ਦੀ ਵੱਡੀ ਸੇਵਾ ਹੈ। ਇਹ ਵਿਚਾਰ ਮਨਪ੍ਰੀਤ ਸਿੰਘ ਇਆਲੀ ਅੱਜ ਪਿੰਡ ਭੱਸੇ ਦੇ ਬੰਨ ਦੇ ਉੱਪਰ ਵਿਸ਼ੇਸ਼ ਤੌਰ ਉੱਤੇ ਪੁੱਜੇ ਸਨ, ਉਹਨਾਂ ਨੇ ਉੱਥੇ ਨੌਜਵਾਨਾਂ ਦੇ ਨਾਲ ਗੱਲਬਾਤ ਕੀਤੀ ਤੇ ਬੈਠ ਕੇ ਦੇਖਿਆ ਕਿ ਕਿਵੇਂ ਜਾਲੇ ਪਿੰਜਰੇ ਬਣਾ ਕੇ ਲੋਕ ਪਾਣੀ ਨਾਲ ਦੋ ਹੱਥ ਹੁੰਦੇ ਹੋਏ ਦਰਿਆ ਨੂੰ ਕੰਟਰੋਲ ਕਰ ਰਹੇ ਹਨ। ਕਾਲੀ ਨੇ ਕਿਹਾ ਇਹ ਸਮੁੱਚੇ ਪੰਜਾਬ ਦੇ ਵਿੱਚੋਂ ਹੜਾਂ ਦੀ ਵੱਡੀ ਆਫਤ ਮੌਕੇ ਸਰਕਾਰ ਵੀ ਗਾਇਬ ਹੀ ਦਿਸ ਰਹੀ ਹੈ ਲੋਕ ਆਪ ਮੁਹਾਰੇ ਜੂਝ ਰਹੇ ਹਨ।ਉਹਨਾਂ ਨੇ ਆਪਣੇ ਵੱਲੋਂ ਇੱਥੇ ਚੱਲ ਰਹੀਆਂ ਸੇਵਾਵਾਂ ਵਿੱਚ 2 ਲੱਖ ਰੁਪਏ ਦੀ ਸੇਵਾ ਵੀ ਕੀਤੀ ਇਸ ਮੌਕੇ ਅਕਾਲੀ ਆਗੂ ਮਾਸਟਰ ਉਜਾਗਰ ਸਿੰਘ ਉਹਨਾਂ ਦੇ ਸਪੁੱਤਰ ਰੁਪਿੰਦਰ ਸਿੰਘ ਰੂਬੀ ਤੇ ਮਾਚਵਾੜਾ ਤੇ ਇਲਾਕੇ ਨਾਲ ਸੰਬੰਧਿਤ ਵਿਸ਼ੇਸ਼ ਵਿਅਕਤੀ ਇਸ ਮੌਕੇ ਹਾਜ਼ਰ ਸਨ ਇੱਥੇ ਇਹ ਵੀ ਸਲਾਘਾਯੋਗ ਖਬਰ ਸਾਹਮਣੇ ਆਈ ਹੈ ਕਿ ਰੁਪਿੰਦਰ ਸਿੰਘ ਰੂਬੀ ਹੋਰਾਂ ਦਾ ਜੋ ਪੈਟਰੋਲ ਪੰਪ ਹੈ ਉਥੋਂ ਵੀ ਫੜ ਲਈ ਡੀਜਲ ਦੀ ਸੇਵਾ ਕੀਤੀ ਜਾ ਰਹੀ ਹੈ।



## ਯਾਦਵਿੰਦਰ ਸਿੰਘ ਕਲੌਲੀ ਦਾ ਕਾਵਿ-ਸੰਗ੍ਰਹਿ 'ਅਹਿਸਾਸਾਂ ਦੀ ਗੰਢ' ਸਮਾਜਿਕਤਾ ਦੀ ਹੂਕ




ਵਰਲਡ ਪੰਜਾਬੀ ਟਾਈਮਜ਼
ਉਜਾਗਰ ਸਿੰਘ

ਯਾਦਵਿੰਦਰ ਸਿੰਘ ਕਲੌਲੀ ਸਮਾਜਿਕਤਾ ਦੇ ਰੰਗ ਵਿੱਚ ਰੰਗਿਆ ਕਵੀ ਹੈ। ਉਸਨੂੰ ਪ੍ਰਗਤੀਵਾਦੀ ਕਵੀ ਕਹਿ ਸਕਦੇ ਹਾਂ, ਕਿਉਂਕਿ ਉਸ ਦੀਆਂ ਕਵਿਤਾਵਾਂ ਲੋਕ ਹਿੱਤਾਂ 'ਤੇ ਪਹਿਰਾ ਦੇਣ ਵਾਲੀਆਂ ਹਨ। ਇਨ੍ਹਾਂ ਕਵਿਤਾਵਾਂ ਨੂੰ ਪੜ੍ਹਕੇ ਮਹਿਸੂਸ ਹੁੰਦਾ ਹੈ ਕਿ ਉਹ ਲੋਕਾਈ ਦੀ ਸਮਾਜਿਕ, ਆਰਥਿਕ ਅਤੇ ਮਾਨਸਿਕ ਪੀੜ ਦੀ ਭਾਵਨਾ ਦਾ ਪ੍ਰਗਟਾਵਾ ਕਰਨ ਵਾਲੀਆਂ ਕਵਿਤਾਵਾਂ ਲਿਖਦਾ ਹੈ। ਇਸ ਕਾਵਿ-ਸੰਗ੍ਰਹਿ ਵਿੱਚ 68 ਨਿੱਕੀਆਂ-ਵੱਡੀਆਂ ਕਵਿਤਾਵਾਂ ਹਨ, ਪ੍ਰੰਤੂ ਇਹ ਕਵਿਤਾਵਾਂ ਭਾਵਪੂਰਤ ਹਨ। ਨਿੱਕੀਆਂ ਕਵਿਤਾਵਾਂ ਵਿੱਚ ਵੱਡੀਆਂ ਗੱਲਾਂ ਕੀਤੀਆਂ ਗਈਆਂ ਹਨ। ਯਾਦਵਿੰਦਰ ਸਿੰਘ ਕਲੌਲੀ ਦਾ ਇਹ ਪਲੇਠਾ ਕਾਵਿ-ਸੰਗ੍ਰਹਿ ਹੈ। ਇਸ ਵਿਚਲੀਆਂ ਕਵਿਤਾਵਾਂ ਇਨਸਾਨੀਅਤ ਦੇ ਹਿੱਤਾਂ ਦੀ ਰਾਖੀ ਕਰਨ ਵਾਲੀਆਂ ਕਵਿਤਾਵਾਂ ਲਿਖਦਾ ਹੈ, ਕਿਉਂਕਿ ਉਹ ਆਪਣੇ ਪਿੰਡ ਦਾ ਸਰਪੰਚ ਰਿਹਾ ਹੈ, ਇਸ ਲਈ ਲੋਕਾਈ ਦੀਆਂ ਸਮੱਸਿਆਵਾਂ ਤੋਂ ਭਲੀ ਭਾਂਤ ਜਾਣੂੰ ਹੈ। ਇਸ ਤੋਂ ਇਲਾਵਾ ਉਹ ਗੁਰਸ਼ਰਨ ਸਿੰਘ ਨਾਟਕਕਾਰ ਦੇ ਪ੍ਰਗਤੀਸ਼ੀਲ ਨਾਟਕਾਂ ਵਿੱਚ ਅਦਾਕਾਰੀ ਕਰਦਾ ਰਿਹਾ ਹੈ। ਇਹ ਕਵਿਤਾਵਾਂ ਸਮਾਜਿਕ ਸਰੋਕਾਰਾਂ ਦੀ ਪ੍ਰਤੀਨਿਧਤਾ ਕਰਦੀਆਂ ਹਨ। ਕਵਿਤਾਵਾਂ ਦੇ ਵਿਸ਼ੇ ਮਨੁੱਖੀ ਰਿਸ਼ਤਿਆਂ ਵਿੱਚ ਤ੍ਰੇੜਾਂ, ਸਮਾਜਿਕ ਨਾ ਬਰਾਬਰੀ, ਵਾਤਾਵਰਨ, ਕੁਦਰਤ, ਪੌਣ ਪਾਣੀ, ਰੁੱਖਾਂ ਤੇ ਪੰਛੀਆਂ ਦੀ ਸੰਭਾਲ, ਚਾਪਲੂਸੀ, ਗ਼ਰੀਬੀ, ਜ਼ਿੰਦਗੀ ਦੀ ਜਦੋਜਹਿਦ, ਜ਼ਬਰ ਜ਼ੁਲਮ, ਸਿਆਸਤਦਾਨਾ ਦਾ ਮੁੱਦਿਆਂ ਤੋਂ ਭਟਕਣਾ ਅਤੇ ਇਨਸਾਫ਼ ਆਦਿ ਹਨ। 'ਉਹ ਕਿੱਸੇ' ਸਿਰਲੇਖ ਵਾਲੀ ਪਹਿਲੀ ਕਵਿਤਾ ਵਿੱਚ ਲਿਖਦਾ ਹੈ ਕਿ ਸਫ਼ਲਤਾ ਪ੍ਰਾਪਤ ਕਰਨ ਲਈ ਮਿਹਨਤ ਕਰਨੀ ਪੈਂਦੀ ਹੈ। ਇੱਕ ਸ਼ਿਅਰ ਹੈ:

ਖਾਲੀ ਖੀਸੇ 'ਚ ਲੱਭਦਾ ਸੀ ਸੰਸਾਰ, ਹਰ ਪਗਡੰਡੀ ਤੇ ਚੇਤੇ ਆਏ, ਉਹ ਕਿੱਸੇ।
ਜਦ ਕਦੇ ਵੀ ਘੇਰਿਆ ਹਨ੍ਹੇਰਿਆਂ ਨੇ, ਔਕੜ ਵੇਲੇ ਦੋਸਤ ਬਣ, ਸਾਥ ਨਿਭਾਏ, ਉਹ ਕਿੱਸੇ।

ਇਸ ਸ਼ਿਅਰ ਦੀ ਗੰਭੀਰਤਾ ਵੇਖਣ ਵਾਲੀ ਹੈ ਕਿ ਮੁਸੀਬਤਾਂ ਦੇ ਹਨ੍ਹੇਰਿਆਂ ਸਮੇਂ ਕੋਈ ਸਾਥ ਨਹੀਂ ਦਿੰਦਾ, ਸਿਰਫ਼ ਮਿਹਨਤ ਹੀ ਰਾਸ ਆਉਂਦੀ ਹੈ, ਸਫ਼ਲਤਾ ਤੋਂ ਬਾਅਦ ਹਰ ਇੱਕ ਸਾਥ ਦੇਣ ਲਈ ਤਿਆਰ ਹੁੰਦਾ ਹੈ, ਜਦੋਂ ਇਨਸਾਨ ਮੁਸ਼ਕਲਾਂ 'ਤੇ ਕਾਬੂ ਪਾ ਲੈਂਦਾ ਹੈ। ਸਮਾਜਿਕ ਤਾਣੇ-ਬਾਣੇ ਵਿੱਚ ਰਿਸ਼ਤਿਆਂ ਵਿੱਚ ਗਿਰਾਵਟ ਆ ਗਈ ਹੈ। ਕਿਸੇ 'ਤੇ ਵੀ ਇਤਬਾਰ ਕਰਨ ਤੋਂ ਡਰ ਲੱਗਦਾ ਹੈ। ਕਵੀ ਨੇ ਦਸ 'ਕੁਝ ਹੋਰ', ਉਹ ਕਿੱਸੇ', 'ਭਾ ਜੀ', 'ਆਹ ਵਾਲੀ', 'ਔਖੇ ਪੈਂਡੇ', 'ਤੇਰੇ ਸ਼ਹਿਰ ਦੇ ਲੋਕ', 'ਹੋਰ', 'ਤੇਰੀ ਟੋਲੀ', 'ਖਾਸ ਚਿਹਰੇ' ਕਵਿਤਾਵਾਂ ਵਿੱਚ ਰਿਸ਼ਤਿਆਂ ਨੂੰ ਅਣਡਿਠ ਕਰਨ ਦਾ ਦ੍ਰਿਸ਼ਟਾਂਤਿਕ ਦ੍ਰਿਸ਼ ਪੇਸ਼ ਕੀਤਾ ਹੈ। ਕਿਵੇਂ ਲੋਕ ਆਪਣਿਆਂ ਤੋਂ ਔਖੇ ਸਮੇਂ ਮੂੰਹ ਮੋੜ ਲੈਂਦੇ ਹਨ। ਇਹ ਕਵਿਤਾਵਾਂ ਸਮਾਜਿਕ ਰਿਸ਼ਤਿਆਂ ਵਿੱਚ ਆਈ ਖਟਾਸ ਦਾ ਨਮੂਨਾ ਹਨ। 'ਕਾਇਨਾਤ' ਕਵਿਤਾ ਵਿੱਚ ਕਵੀ ਨੇ ਬੜੇ ਅਹਿਮ ਨੁਕਤੇ ਮਹਿੰਗਾਈ, ਬੇਰੋਜ਼ਗਾਰੀ, ਵਿਦਿਆ ਦਾ ਵਿਓਪਾਰ, ਗ਼ਰੀਬੀ, ਜਿਸਮਾਨੀ ਸ਼ੋਸ਼ਣ, ਬਦਲੇ ਦੀ ਭਾਵਨਾ, ਹੰਕਾਰ, ਗ਼ਲਤ ਰਸਮੋ ਰਿਵਾਜ਼ ਅਤੇ ਸਿਆਸਤਦਾਨਾ ਦਾ ਮੁੱਦਿਆਂ ਤੋ ਭਟਕਣਾ ਆਦਿ ਉਠਾਏ ਹਨ। ਇਸ ਤੋਂ ਕਵੀ ਦੀ ਆਪਣੇ ਸਮਾਜ ਦੇ ਹਿੱਤਾਂ ਦੀ ਪ੍ਰਤੀਨਿਧਤਾ ਕਰਨ ਦੀ ਰੁਚੀ ਦਾ ਪਤਾ ਲੱਗਦਾ ਹੈ। ਇਹ ਨੁਕਤੇ ਜ਼ਿੰਦਗੀ ਨੂੰ ਸਿੱਧੇ ਰਸਤੇ ਜਾਣ ਤੋਂ ਰੋਕਦੇ ਹਨ। ਰੁੱਖਾਂ, ਹਵਾਵਾਂ ਅਤੇ ਪੰਛੀਆਂ ਦੀ ਸਾਂਭ ਸੰਭਾਲ ਦੀ ਚੇਤਨਾ ਪੈਦਾ ਕਰਨ ਵਾਲੀਆਂ 'ਸੁਣਲੋ ਜ਼ਰਾ', 'ਬਿਰਖਾਂ ਸੰਗ ਵੰਡਾਂ', 'ਖ਼ੁਸ਼ਹਾਲੀ' ਅਤੇ 'ਪਰਿੰਦੇ' ਚਾਰ ਕਵਿਤਾਵਾਂ ਹਨ, ਜਿਹੜੀਆਂ ਸਮਾਜ ਨੂੰ ਰੁੱਖਾਂ, ਸਾਫ਼ ਸੁਥਰੀਆਂ ਹਵਾਵਾਂ ਤੇ ਪੰਛੀਆਂ ਦੀ ਹੋਂਦ ਨੂੰ ਬਰਕਰਾਰ ਰੱਖਣ ਦੀ ਪ੍ਰੇਰਨਾ ਦਿੰਦੀਆਂ ਹਨ। ਰੁੱਖ, ਹਵਾ ਅਤੇ ਪਰਿੰਦੇ ਆਪਣੀਆਂ ਨਿਆਮਤਾਂ ਦੀ ਖ਼ੁਸ਼ਬੋ ਵੰਡਣ ਲਈ ਦੇਸ਼ਾਂ ਦੀਆਂ ਸਰਹੱਦਾਂ ਦੇ ਮੁਹਤਾਜ ਨਹੀਂ ਹੁੰਦੇ। ਸ਼ਾਇਰ ਨੇ ਦੇਸ਼ ਦੀ ਵੰਡ ਦੇ ਸੰਤਾਪ ਦਾ ਪ੍ਰਗਟਾਵਾ ਵੀ ਕੀਤਾ ਹੈ, ਕਿਉਂਕਿ ਇਨਸਾਨੀਅਤ ਦਾ ਖ਼ੂਨ ਡੁੱਲਣ ਨਾਲ ਵੰਡੀਆਂ ਨਹੀਂ ਪਾਈਆਂ ਜਾ ਸਕਦੀਆਂ। ਦੋਹਾਂ ਦੇਸ਼ਾਂ ਦੇ ਲੋਕ ਗਲਵਕੜੀਆਂ ਪਾਉਣਾ ਚਾਹੁਦੇ ਹਨ। ਨਸ਼ਿਆਂ ਦੇ ਪ੍ਰਕੋਪ ਬਾਰੇ ਵੀ ਕਵੀ ਨੇ ਕਈ ਕਵਿਤਾਵਾਂ ਵਿੱਚ ਦੁੱਖ ਪ੍ਰਗਟਾਇਆ ਹੈ ਜਿਵੇਂ 'ਚਿੱਟਾ ਨੱਚੇ' ਕਵਿਤਾ ਵਿੱਚ ਪੰਜਾਂ ਪਾਣੀਆਂ ਦੀ ਪਵਿਤਰਤਾ ਨੂੰ ਕਾਲਖ਼ ਦੀ ਬਦਲੀ ਨੇ ਪਲੀਤ ਕਰਨ ਦੀ ਕੋਸ਼ਿਸ਼ ਕੀਤੀ ਹੈ, ਜਿਸ ਕਰਕੇ ਨਸ਼ਿਆਂ ਦਾ ਛੇਵਾਂ ਦਰਿਆ ਵੱਗਣ ਲੱਗਿਆ ਹੈ। ਕਈ ਘਰ ਤਬਾਹ ਹੋ ਗਏ ਹਨ। ਯਾਦਵਿੰਦਰ ਸਿੰਘ ਕਲੌਲੀ ਦੀਆਂ ਕਵਿਤਾਵਾਂ ਵੀ ਬਹੁ-ਰੰਗੀ ਹਨ, ਜਿਥੇ ਨਸ਼ਿਆਂ ਦੀ ਦਲਦਲ ਦੀ ਗੱਲ ਕਰਦਾ ਹੈ, ਉਥੇ ਹੀ ਕਿਰਤੀਆਂ ਦੀ ਬਾਤ ਪਾਉਂਦਾ 'ਉੱਠ ਕਿਰਤੀਆ' ਸਿਰਲੇਖ ਵਾਲੀ ਕਵਿਤਾ ਵਿੱਚ ਲਿਖਦਾ ਹੈ, ਕਿਰਤੀਆ ਤੇਰਾ ਕਿਸੇ ਨੇ ਸਾਥ ਨਹੀਂ ਦੇਣਾ, ਸਭ ਲੋਕ ਅਮੀਰਾਂ ਦੇ ਮੁੱਦਈ ਬਣਦੇ ਹਨ। ਤੁਹਾਨੂੰ ਇੱਕਮੁੱਠਤਾ ਨਾਲ ਹਿੰਮਤ ਕਰਨੀ ਪਵੇਗੀ, ਕਿਉਂਕਿ ਏਕੇ ਵਿੱਚ ਬਰਕਤ ਹੁੰਦੀ ਹੈ, ਤੂੰ ਸੰਸਾਰ ਲਈ ਅਨਾਜ ਪੈਦਾ ਕਰਦਾ ਹੈਂ ਤੇ ਖੁਦ ਤੰਗੀਆਂ ਤਰੁਸ਼ੀਆਂ ਦਾ ਸਾਹਮਣਾ ਕਰਦਾ ਹੈਂ। ਤਰਲੇ ਮਿੰਨਤਾਂ ਕਰਨ ਦੀ ਲੋੜ ਨਹੀਂ, ਸਗੋਂ ਕਾਫ਼ਲਾ ਬਣਾਕੇ ਚਲੋ ਸਫ਼ਲਤਾ ਤੁਹਾਡੇ ਪੈਰ ਚੁੰਮੇਗੀ। ਸਿਆਸਤਦਾਨ ਤਾਂ ਧਰਮਾ, ਜ਼ਾਤਾਂ, ਫਿਰਕਿਆਂ, ਮੰਦਰਾਂ ਮਸਜਿਦਾਂ ਦੀਆਂ ਵੰਡੀਆਂ ਪਾ ਕੇ ਰਾਜ ਕਰਦੇ ਹਨ। ਲੋਕਾਂ ਦੇ ਹਿੱਤਾਂ ਤੇ ਪਹਿਰਾ ਨਹੀਂ ਦਿੰਦੇ। ਚੋਣਾਂ ਮੌਕੇ ਵਾਅਦੇ ਕਰਦੇ ਹਨ, ਪ੍ਰੰਤੂ ਉਨ੍ਹਾਂ ਦੇ ਵਾਅਦੇ ਕਦੀਂ ਵਫ਼ਾ ਨਹੀਂ ਹੁੰਦੇ। ਇਸਦੇ ਨਾਲ ਹੀ ਕਵੀ ਨਫ਼ਰਤਾਂ ਦੇ ਬੀਜ ਬੀਜਣ ਵਾਲਿਆਂ ਤੋਂ ਲੋਕਾਈ ਨੂੰ ਸੁਚੇਤ ਰਹਿਣ ਦੀ ਤਾਕੀਦ ਵੀ ਕਰਦਾ ਹੈ। ਨਫ਼ਰਤਾਂ ਇਨਸਾਨੀਅਤ ਦੀ ਸੋਚ ਦਾ ਨੁਕਸਾਨ ਕਰਦੀਆਂ ਹਨ। ਸਦਭਾਵਨਾ ਦਾ ਮਾਹੌਲ ਤਰੱਕੀ ਦਾ ਪ੍ਰਤੀਕ ਹੁੰਦਾ ਹੈ। ਹਾਕਮ ਧਿਰ ਹਮੇਸ਼ਾ ਪੁੱਠੀ ਖੇਡ ਖੇਡਦੀ ਰਹਿੰਦੀ ਹੈ। ਨਿਖੱਟੂ ਤੇ ਵਿਹਲੜ ਸਰਕਾਰਾਂ ਦਾ ਸਾਥ ਦਿੰਦੇ ਹਨ। ਲੋਕ ਮੁਖੌਟੇ ਪਾਈ ਫਿਰਦੇ ਹਨ, ਦੋਹਰੇ ਕਿਰਦਾਰਾਂ ਨਾਲ ਜ਼ਿੰਦਗੀ ਜਿਓ ਰਹੇ ਹਨ, ਜਿਸਦਾ ਇਨਸਾਨੀਅਤ ਨੂੰ ਨੁਕਸਾਨ ਹੁੰਦਾ ਹੈ। 'ਸਿਖਰ ਦੀ ਪੌੜੀ' ਕਵਿਤਾ ਵਿੱਚ ਲੋਕਾਈ ਨੂੰ ਜਾਗ੍ਰਤ ਕਰਦਾ ਕਵੀ ਕਹਿੰਦਾ ਹੈ ਕਿ ਤੇਰੇ ਰਸਤੇ ਵਿੱਚ ਭਾਵੇਂ ਕੰਡੇ ਬੜੇ ਹਨ, ਪ੍ਰੰਤੂ ਤੂੰ ਅਜੇ ਸਿਖਰ ਦੀ ਪੌੜੀ ਚੜ੍ਹਨਾ ਹੈ, ਇਸ ਲਈ ਭਾਈਵਾਲੀ ਨਾਲ ਅੱਗੇ ਵੱਧਦਾ ਰਹਿ, ਧਰਮਾ ਵਾਲੇ ਤੇਰੇ ਰਸਤੇ ਵਿੱਚ ਰੋੜਾ ਬਣਨਗੇ, ਡਰਨਾ ਨਹੀਂ। ਡੇਰਾਵਾਦ ਬਾਰੇ 'ਫਿਰ ਚੱਲਿਆ' ਕਵਿਤਾ ਵਿੱਚ ਦੱਸਦਾ ਹੈ ਕਿ ਚਿੱਟੇ ਚੋਲੇ ਪਾ ਕੇ ਮਹਿੰਗੀਆਂ ਗੱਡੀਆਂ ਵਿੱਚ ਆਨੰਦ ਮਾਣਦੇ ਫਿਰਦੇ ਹਨ, ਪ੍ਰੰਤੂ ਸਦਭਾਵਨਾ ਦੀ ਥਾਂ ਲੋਕਾਈ ਨੂੰ ਗੁੰਮਰਾਹ ਕਰਕੇ ਆਪਣਾ ਕਾਰੋਬਾਰ ਕਰਦੇ ਹਨ। ਇੱਕ ਹੋਰ 'ਗੱਲ ਸੁਣੀ ਏ' ਕਵਿਤਾ ਵਿੱਚ ਕਵੀ ਲਿਖਦਾ ਹੈ ਕਿ ਮੁਖੌਟੇ ਪਾ ਕੇ ਇਹ ਸਫ਼ੈਦ ਪੋਸ਼ਾਂ ਦੇ ਪਹਿਰਾਵੇ ਵਿੱਚ ਲੋਕਾਈ ਨੂੰ ਨੋਚ-ਨੋਚ ਕੇ ਖਾ ਜਾਂਦੇ ਹਨ। ਏਸੇ ਤਰ੍ਹਾਂ 'ਝਗੜਾ ਅੰਦਰ ਦਾ' ਕਵਿਤਾ ਵਿੱਚ ਵੀ ਸਫ਼ੈਦ ਪੋਸ਼ਾਂ ਦੇ ਕਿਰਦਾਰ ਬਾਰੇ ਦੱਸਿਆ ਗਿਆ ਹੈ। ਇਨ੍ਹਾਂ ਤੋਂ ਬਚਣ ਦੀ ਇਹ ਕਵਿਤਾ ਤਾਕੀਦ ਕਰਦੀ ਹੈ। ਲੋਕ ਮੌਕਾਪ੍ਰਸਤ ਹਨ। ਆਧੁਨਿਕ ਦੌਰ ਵਿੱਚ ਇਨਸਾਨ ਬਹੁਤ ਹੀ ਖ਼ੁਦਗਰਜ਼ ਹੋ ਗਿਆ ਹੈ, ਕਵੀ ਨੇ ਖੁਦਗਰਜ਼ੀ ਨਾਲ ਸੰਬੰਧਤ 'ਤੇਰੀਆਂ ਰਾਹਵਾਂ', 'ਰੋਹ' ਅਤੇ 'ਖਾਸ ਚਿਹਰੇ', ਕਵਿਤਾਵਾਂ ਵਿੱਚ ਦੱਸਿਆ ਹੈ ਕਿ ਔਖੇ ਸਮੇਂ ਦੋਸਤ ਵੀ ਕੰਮ ਨਹੀਂ ਆਉਂਦੇ। ਲੋਕ ਨਿੱਜੀ ਲਾਭ ਲਈ ਹੀ ਤੁਹਾਡਾ ਸਾਥ ਦਿੰਦੇ ਹਨ। ਸਮਾਜਿਕ ਸਰੋਕਾਰਾਂ ਦੀਆਂ ਕਵਿਤਾਵਾਂ ਤੋਂ ਇਲਾਵਾ 'ਵਿਖਾਵੇ ਵਿੱਚ', 'ਕੰਡਿਆਂ ਵਾਂਗੂੰ ਖੜ੍ਹੇ ਲੂੰ', 'ਚਿੱਠੀ', 'ਤੇਰੇ ਕਿੱਸੇ', 'ਰੌਣਕ', 'ਸੌਦਾ ਜ਼ਿੰਦਗੀ ਦਾ', 'ਛੋਹ ਜਿਹਾ' ਅਤੇ 'ਜੋਗੀ' ਅੱਠ ਕਵਿਤਾਵਾਂ ਰੁਮਾਂਸਵਾਦ ਨਾਲ ਸੰਬੰਧਤ ਵੀ ਹਨ।

ਅਖ਼ੀਰ ਵਿੱਚ ਕਿਹਾ ਜਾ ਸਕਦਾ ਹੈ ਕਿ ਭਵਿਖ ਵਿੱਚ ਯਾਦਵਿੰਦਰ ਸਿੰਘ ਕਲੌਲੀ ਤੋਂ ਹੋਰ ਬਿਹਤਰੀਨ ਕਵਿਤਾਵਾਂ ਲਿਖਕੇ ਮਾਂ ਬੋਲੀ ਦੀ ਝੋਲੀ ਵਿੱਚ ਪਾਉਣ ਦੀ ਆਸ ਕੀਤੀ ਜਾ ਸਕਦੀ ਹੈ।

**80 ਪੰਨਿਆਂ, 150 ਰੁਪਏ ਕੀਮਤ ਵਾਲਾ ਇਹ ਕਾਵਿ-ਸੰਗ੍ਰਹਿ ਜੇ ਪੀ. ਪਬਲੀਕੇਸ਼ਨ ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ।**
**ਸੰਪਰਕ ਯਾਦਵਿੰਦਰ ਸਿੰਘ ਕਲੌਲੀ : 9541436253**

## ਰੱਬ ਆਸਰੇ

ਵਰਲਡ ਪੰਜਾਬੀ ਟਾਈਮਜ਼
ਅਮਰਜੀਤ ਸਿੰਘ ਸਿੱਧੂ

ਪਾਣੀ ਦਾ ਪੱਧਰ ਨੀਵਾਂ ਹੋਜੇ
ਸਭ ਦੀ ਹੋਜੇ ਜਿੰਦ ਸੁਖਾਲ਼ੀ

ਫ਼ਸਲ ਪਾਣੀ ਵਿੱਚ ਡੁੱਬ ਗਈ ਸਾਰੀ
ਜੇਹੜੀ ਸੀ ਧੀਆਂ ਪੁੱਤਾਂ ਵਾਂਗੂ ਪਾਲ਼ੀ

ਫਿਕਰਾਂ ਵਿੱਚ ਰੁਲ਼ ਰਹੀ ਜਵਾਨੀ
ਸੱਜਣਾਂ ਸਾਡੀ ਜਿੰਦ ਗ਼ਮਾਂ ਨੇ ਖਾ ਲੀ

ਹੋਣੀਂ ਤਾਂ ਕਹਿੰਦੇ ਹੋਕੇ ਰਹਿੰਦੀ
ਇਹ ਨਾ ਜਾਂਦੀ ਕਦੇ ਵੀ ਤੋਂ ਟਾਲ਼ੀ

ਕਿਸਮਤ ਦਾ ਲਿਖਿਆ ਮਿਲ ਜਾਣਾ ਹੈ
ਕਦੇ ਭੁੱਲਕੇ ਵੀ ਨਾ ਕਰੀਏ ਕਾਹਲ਼ੀ

ਰੁੱਖ ਹਰੇ ਨਾ ਫੇਰ ਹੋਣ ਦੁਬਾਰਾ
ਇੱਕ ਵਾਰੀ ਸੁੱਕ ਜਾਵੇ ਜੇ ਡਾਲੀ

ਖੇਤ ਉੱਜੜ ਗਏ ਫ਼ਸਲ ਵੀ ਉੱਜੜੀ
ਹੁਣ ਕਿੱਧਰੇ ਦਿਸਦੀ ਨਾ ਹਰਿਆਲੀ

ਸਿੱਧੂ,ਜੱਟ ਜਿਓਂਦਾ ਹੈ ਰੱਬ ਆਸਰੇ
ਮੀਤੇ, ਸਾਡੀ ਰੱਬ ਹੀ ਕਰੇ ਰਖਵਾਲੀ

ਕੁਲਦੀਪ ਨਾਲ ਖਿਲਵਾੜ ਜੇ ਕਰਿਆ
ਅਸੀਂ ਆਪਣੀ ਆਪੇ ਢੂਈ ਲਵਾਲੀ

## ਮੁਹਾਰਨੀ




ਆਓ ਬੱਚਿਓ ਤੁਹਾਨੂੰ ਮਾਂ ਬੋਲੀ ਦੀ ਮੁਹਾਰਨੀ ਸਿਖਾਵਾਂ
ਲਾਵਾਂ ਰਹਿਤ ਮੁਕਤੇ ਅੱਖਰ ਨਾਲ ਤੁਹਾਡੀ ਸਾਂਝ ਪਵਾਵਾਂ।

ਮੁਕਤੇ ਅੱਖਰ ਨਾਲ ਲਾ ਕੰਨਾ ਅੱਖਰ ਦੀ ਆਵਾਜ਼ ਲਮਕਾਵਾਂ
ਸਿਹਾਰੀ ਅਤੇ ਬਿਹਾਰੀ ਨਾਲ ਛੋਟੀ ਲੰਮੀ ਧੁਨੀ ਸੁਣਾਵਾਂ।।

ਲਾਵਾਂ ਤੇ ਦੁਲਾਵਾਂ ਨਾਲ ਸ਼ਬਦ ਵਿਚਲੀ ਧੁਨ ਦਾ ਅੰਤਰ ਸਮਝਾਵਾਂ
ਔਂਕੁੜ ਤੇ ਦੁਲੈਂਕੜ ਦਾ ਹੇਕ ਬਦਲ ਕੇ ਫਰਕ ਦਰਸਾਵਾਂ।

ਟਿੱਪੀ ਤੇ ਅੱਧਕ ਦੋਹਾਂ ਮਾਤਰਾਵਾਂ ਨਾਲ ਸ਼ਬਦਜੋੜ ਬਣਾਵਾਂ
ਬਿੰਦੀ ਪਾਉਂਦੀ ਕੰਨੇ ਮਾਤਰਾਂ ਤੇ ਕਿੱਵੇ ਜ਼ੋਰ ਪ੍ਰਤੱਖ ਦਿਖਾਵਾਂ।।

ਮਾਂ-ਬੋਲੀ ਵਿੱਚ ਮੁਹਾਰਨੀ ਦੀ ਦੇਣ ਕਵਿਤਾ ਰਾਹੀ ਗੁਣ ਗੁਣਾਵਾਂ
ਐਸ ਪੀ ਵਰਗੇ ਨਾਚੀਜ਼ ਤੋਂ ਮਾਂ-ਬੋਲੀ ਦਾ ਪ੍ਰਚਾਰ ਕਰਾਵਾਂ।।

ਵਰਲਡ ਪੰਜਾਬੀ ਟਾਈਮਜ਼
ਸੁਰਿੰਦਰਪਾਲ ਸਿੰਘ

## ਪ੍ਰਾਈਵੇਟ ਕਾਲਜ ?




ਲਉ ਬਈ ਮਿੱਤਰੋ ਮੱਦਦ ਕਰਿਉ।
'ਪੁੰਨ ਤੇ ਨਾਲੇ ਫਲ਼ੀਆਂ' ਖੜਿਉ।

ਪ੍ਰਾਈਵੇਟ ਕਾਲਜ ਖੋਲਣ ਲੱਗਾਂ।
ਡੀਲ ਸਿੱਧੀ ਥੋਨੂੰ ਬੋਲਣ ਲੱਗਾਂ।

ਨਰਸਿੰਗ, ਲਾਅ ਤੇ ਐਡਮਨਿਸਟ੍ਰੇਸ਼ਨ।
ਬੀ.ਐਡ. ਦੀ ਵੀ ਹੋਊ ਰਜ਼ਿਸਟ੍ਰੇਸਨ।

ਹੋਰ ਵੀ ਡਿਗਰੀਆਂ ਵਾਲ਼ੇ ਕੋਰਸ।
ਗਿਣਤੀ ਨਾ ਜੀ ਬਾਹਲ਼ੇ ਕੋਰਸ।

ਮੁੱਦੇ ਵਾਲੀ ਗੱਲ 'ਤੇ ਆਉ।
ਵੱਧ ਤੋਂ ਵੱਧ ਐਡਮੀਸ਼ਨਾਂ ਲਿਆਉ।

ਮੱਦਦ ਦੇ ਨਾਲ਼ ਕਰੋ ਵਪਾਰ।
ਪੱਕੇ ਕਮੀਸ਼ਨ ਬੰਨ੍ਹ ਲਉ ਯਾਰ।

ਇੱਕ ਐਡਮੀਸ਼ਨ ਜਦ ਵੀ ਲਿਆਉ।
ਪੂਰੇ ਪੰਜ ਹਜ਼ਾਰ ਕਮਾਉ।

ਥੋਡਾ ਕੰਮ ਸਾਡੇ ਤੱਕ ਲਿਆਉਣਾ।
ਬਾਕੀ ਸਾਡਾ ਕੰਮ ਟਿਕਾਉਣਾ।

'ਨਿੰਮ ਕਰੇਲਾ ਕਿਵੇਂ ਚਾੜ੍ਹਨਾ' ?
ਸਬਜਬਾਗਾਂ ਵਿੱਚ ਕਿਵੇਂ ਵਾੜਨਾ ?

ਬ੍ਰੇਨਵਾਸ਼ ਕੀ ਹਿਪਨੋਟਾਈਜ਼ ?
ਸਭ ਆਉਂਦੀ ਮੈਨੂੰ ਐਕਸਰਸਾਈਜ਼।

ਜਿਵੇਂ ਵੀ ਮਿਲਦਾ ਗ੍ਰਾਹਕ ਲਿਆਉ।
ਸ਼ਰਤਾਂ 'ਜੋ ਚਾਹੋ ਸੋ ਪਾਉ'।

ਦੇ ਦਿਉ ਆਉਣ ਨਾ ਆਉਣ ਦੀ ਮਰਜ਼ੀ।
ਹਾਜ਼ਰੀਆਂ ਸਾਡੀ ਸਿਰਦਰਦੀ।

ਕਹਿ ਦਿਉ ਪੇਪਰ ਦੇਣ ਆ ਜਿਉ
ਤੇ ਫਿਰ ਡਿਗਰੀ ਲੈਣ ਆ ਜਿਉ।

ਪਲੇਸਮੈਂਟ ਭਾਵੇਂ ਬਹੁਤੀ ਨਾ ਹੈ।
ਪਰ ਇਹ ਗੱਲ ਕੋਈ ਛੋਟੀ ਨਾ ਹੈ।

ਬੱਚਾ ਹੋ ਜਾਊ 'ਅਪ ਟੂ ਡੇਟਡ'।
ਘਰੇ ਹੀ, ਸੁਪਰ-ਐਜੂਕੇਟਡ।

ਮਾਪੇ ਗੱਲਾਂ ਕਰ ਸਕਦੇ ਨੇ।
ਚਾਰ ਬੰਦਿਆਂ ਵਿੱਚ ਖੜ੍ਹ ਸਕਦੇ ਨੇ।

ਫੇਰ ਕੀ ਐ ਜੇ ਅੱਠ ਲੱਖ ਲੱਗ ਜੂ।
ਵਿੱਚ ਸ਼ਰੀਕੇ ਨਾਮ ਤਾਂ ਵੱਜ ਜੂ।

'ਪਿੰਡ ਘੜਾਮੇਂ' ਛੋਟੇ ਧੰਦੇ।
ਵਾਧੂ ਆਏ ਬਿਹਾਰੋਂ ਬੰਦੇ।

'ਰੋਮੀ' ਜ੍ਹਿਆਂ ਦਾ ਘਟੇ ਨਾ ਮਾਣ।
ਕਾਲਜ ਸਾਡਾ ਹੋਊ ਵਰਦਾਨ।

ਬੇਸ਼ੱਕ ਬੇਰੁਜ਼ਗਾਰ ਹੀ ਫਿਰਨੇ।
ਡਿਗਰੀ ਵਾਲੇ ਪਰ ਘਰ ਘਰ ਮਿਲਣੇ।

ਵਰਲਡ ਪੰਜਾਬੀ ਟਾਈਮਜ਼
ਰੋਮੀ ਘੜਾਮੇਂ ਵਾਲ਼ਾ

## ਮਰਨ ਉਪਰੰਤ ਦਾਨ ਕੀਤੀਆਂ ਅੱਖਾਂ ਦੋ ਵਿਅਕਤੀਆਂ ਦੀ ਜਿੰਦਗੀ ਨੂੰ ਰੁਸ਼ਨਾਂ ਸਕਦੀਆਂ ਹਨ।

### ਕੌਮੀ ਅੱਖਾਂ ਦਾਨ ਪੰਦਰਵਾੜਾ 25 ਅਗੱਸਤ ਤੋਂ 8 ਸਤੰਬਰ ਤੱਕ



ਬੁਢਲਾਡਾ–ਅੱਖਾਂ ਦਾਨ ਕਰਨ ਮੌਕੇ ਡਾਕਟਰੀ ਟੀਮ ਨਾਲ ਪਰਿਵਾਰਿਕ ਮੈਂਬਰ।

ਵਰਲਡ ਪੰਜਾਬੀ ਟਾਈਮਜ਼
ਮਾਸਟਰ ਪਰਮਵੇਦ

"ਅੱਖੀਆਂ ਬੜੀਆਂ ਨਿਆਮਤ ਨੇ" ਇਹ ਅੱਖਾਂ ਦੀ ਅਹਿਮੀਅਤ ਤੋਂ ਜਾਣੂ ਕਰਾਉਂਦੇ ਸ਼ਬਦ ਹਨ। ਦੇਸ਼ ਵਿਚ ਮਰਨ ਉਪਰੰਤ ਅੱਖਾਂ ਦਾਨ ਕਰਨ ਦਾ ਪੰਦਰਵਾੜਾ ਹਰ ਸਾਲ 25 ਅਗੱਸਤ ਤੋਂ 8 ਸਤੰਬਰ ਤੱਕ ਮਨਾਇਆ ਜਾਂਦਾ ਹੈ।ਛੋਟੀ ਉਮਰ ਵਿਚ ਖ਼ੁਰਾਕ ਦੀ ਘਾਟ,ਸੱਟ ਲੱਗਣ ਜਾਂ ਕਿਸੇ ਪ੍ਰਕਾਰ ਦੀ ਇਨਫੈਕਸ਼ਨ ਹੋਣ ਨਾਲ ਕੋਰਨੀਆ ਧੁੰਧਲਾ ਹੋ ਜਾਂਦਾ ਹੈ।ਇਸ ਨਾਲ ਨਜ਼ਰ ਕਮਜ਼ੋਰ ਜਾਂ ਖਤਮ ਹੋ ਸਕਦੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਭਾਰਤ ਵਿੱਚ 52 ਲੱਖ,ਸੰਸਾਰ ਵਿਚ ਦੋ ਕਰੋੜ ਤੋਂ ਵੱਧ ਲੋਕ ਅੰਨ੍ਹੇਪਣ ਦਾ ਸ਼ਿਕਾਰ ਹਨ ਜਿਨਾਂ ਵਿੱਚ ਵੱਡੀ ਗਿਣਤੀ ਬੱਚਿਆਂ ਦੀ ਹੈ, ਜੋ ਭਾਰਤ 'ਚ 2,70,000 ਦੇ ਕਰੀਬ ਹੈ।ਦੇਸ ਵਿੱਚ ਦਾਨ ਵਜੋਂ ਹਰ ਸਾਲ ਲਗਭਗ 35,000 ਹੀ ਅੱਖਾਂ ਮਿਲਦੀਆਂ ਹਨ, ਜਦੋਂ ਕਿ 15 ਲੱਖ ਕੌਰਨੀਆ ਦੀ ਲੋੜ ਹੁੰਦੀ ਹੈ।ਛੱਤੀਸਗੜ੍ਹ ਵਿੱਚ ਪਿਛਲੇ 10 ਸਾਲ ਤੋਂ ਹਰ ਸਾਲ 300 ਤੋਂ ਵੱਧ ਅੱਖਾਂ ਦਾਨ ਹੁੰਦੀਆਂ ਹਨ।ਸਾਲ 2016 ਵਿੱਚ 325 ਅੱਖਾਂ ਦਾਨ ਹੋਈਆਂ ਤੇ ਸਿਰਫ 120 ਵਿਅਕਤੀਆਂ ਨੂੰ ਲੱਗੀਆਂ।ਉਨਾਂ ਵਿੱਚੋਂ ਕੌਰਨੀਆ ਟਰਾਂਸਪਲਾਂਟ ਸਿਵਾ ਕੋਈ ਇਲਾਜ ਨਹੀ।ਡਾਕਟਰ ਤੇ ਲੋੜੀਂਦੇ ਪ੍ਰਬੰਧ ਵੀ ਘੱਟ ਹਨ।ਤਿੰਨ ਕਿਸਮ ਦੇ ਨੇਤਰਹੀਣ ਹੁੰਦੇ ਹਨ।ਜਮਾਂਦਰੂ,ਦੁਰਘਟਨਾ ਕਾਰਨ ਅੱਖਾਂ ਦੀ ਰੋਸ਼ਨੀ ਬੰਦ ਹੋਣੀ ਤੇ ਕੁਝ ਜਿੰਨ੍ਹਾਂ ਨੂੰ ਬਹੁਤ ਘੱਟ ਦਿਸਦਾ ਹੈ। ਮਰਨ ਉਪਰੰਤ ਸਬੰਧਿਤ ਪਰਿਵਾਰ ਦਾਨ ਕਰ ਸਕਦਾ ਹੈ।ਇਹ ਮੌਤ ਦੇ ਛੇ ਘੰਟੇ ਅੰਦਰ ਅੰਦਰ ਦਿੱਤੀਆਂ ਜਾ ਸਕਦੀਆਂ ਹਨ।ਵਹਿਮੀ ਲੋਕਾਂ ਦਾ ਭਰਮ ਹੈ ਕਿ ਮ੍ਰਿਤਕ ਅਗਲੇ ਜਨਮ ਵਿਚ ਅੱਖਾਂ ਕੱਢਣ ਕਾਰਨ ਅੰਨ੍ਹਾ ਪੈਦਾ ਹੋਵੇਗਾ,ਜਦ ਕਿ ਸਸਕਾਰ ਸਮੇ ਅੱਖਾਂ ਸਰੀਰ ਨਾਲ ਸੜ ਜਾਂਦੀਆਂ ਹਨ।ਸ਼੍ਰੀ ਲੰਕਾ ਵਿੱਚ ਸਭ ਤੋਂ ਵੱਧ ਲੋਕ ਅੱਖਾਂ ਦਾਨ ਕਰਦੇ ਹਨ। ਵਿਗਿਆਨਕ ਸੋਚ ਦੇ ਧਾਰਨੀ ਲੋਕ ਵਧ ਤੋਂ ਵਧ ਅੱਖਾਂ ਦਾਨ ਕਰਨ ਲਈ ਲੋਕਾਂ ਨੂੰ ਜਾਗਰੂਕ ਕਰ ਰਹੇ ਹਨ, ਇਸਨੂੰ ਲੋਕ ਲਹਿਰ ਬਣਨ ਵਿੱਚ ਸਮਾਂ ਲੱਗੇਗਾ।ਸਾਨੂੰ ਅੱਖਾਂ ਦਾਨ ਕਰਨ ਲਈ ਲੋਕਾਂ ਨੂੰ ਪ੍ਰੇਰਨਾ ਚਾਹੀਦਾ ਹੈ ਤੇ ਲੋਕਾਂ ਵਿੱਚ ਪਿਆ ਅੰਧਵਿਸ਼ਵਾਸ ਖ਼ਤਮ ਕਰਨਾ ਚਾਹੀਦਾ ਹੈ।ਪਟਿਆਲਾ ਦੀ ਡਾਕਟਰ ਜਸਲੀਨ ਕੌਰ ਦੀ ਮੌਤ ਤੋਂ ਬਾਅਦ ਅਮਰੀਕਾ ਵਿੱਚ ਉਸਦੇ 37 ਵਿਅਕਤੀਆਂ ਨੂੰ ਅੰਗ ਲਾ ਕੇ ਨਵੀ ਜ਼ਿੰਦਗ਼ੀ ਦਿੱਤੀ ਗਈ ਸੀ। ਅੰਮ੍ਰਿਤਸਰ ਦੀ 39ਦਿਨ ਦੀ ਬਾਲੜੀ ਇਬਾਬਤ ਦੀ ਅੰਗ ਦਾਨ ਕਰਕੇ ਕਈ ਲੋਕਾਂ ਨੂੰ ਨਵੀਂ ਜ਼ਿੰਦਗੀ ਪ੍ਰਦਾਨ ਹੋਈ, ਸਾਥੀ ਤਰਕਸ਼ੀਲ ਆਗੂ ਰਾਜਵੰਤ ਸਿੰਘ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ 9 ਕੁ ਸਾਲ ਪਹਿਲਾਂ ਪੰਜਾਬ ਵਿਚ ਪੱਦੀ ਸੂਰਾ ਸਿੰਘ ਦੇ ਪੰਜਾਬ ਪੁਲੀਸ ਦੇ ਕਮਾਂਡੋ ਕਸ਼ਮੀਰ ਸਿੰਘ ਦੀ ਮੌਤ ਤੋਂ ਬਾਅਦ ਉਸਦੀ ਖਾਹਿਸ਼,ਪਰਿਵਾਰ ਤੇ ਇਲਾਕੇ ਦੇ ਤਰਕਸ਼ੀਲ ਸੁਸਾਇਟੀ ਦੇ ਆਗੂਆਂ ਦੀ ਮਦਦ ਨਾਲ ਪੀ ਜੀ ਆਈ ਚੰਡੀਗੜ੍ਹ ਵਿੱਚ ਪੰਜ ਵਿਅਕਤੀਆਂ ਨੂੰ ਅੰਗ ਲਾ ਕੇ ਨਵੀਂ ਜਿੰਦਗੀ ਦਿੱਤੀ ਗਈ। ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਚਲਾਈ ਗਈ ਮੌਤ ਉਪਰੰਤ ਸਰੀਰ ਪ੍ਰਦਾਨ ਅਤੇ ਅੰਗ ਦਾਨ ਦੀ ਰਵਾਇਤ ਰੰਗ ਲਿਆ ਰਹੀ ਹੈ।ਬਹੁਤ ਸਾਰੇ ਜ਼ਿਲਾ ਪੱਧਰ ਦੇ ਹਸਪਤਾਲਾਂ ਵਿਚ ਨੇਤਰ ਦਾਨ ਬੈਂਕ ਨਹੀ ਹਨ ਜੇ ਹੋਣ ਵੀ ਤਾਂ ਉਨਾਂ ਕੋਲ ਨੇਤਰਹੀਣਾਂ ਦੀਆਂ ਲਿਸਟਾਂ ਨਹੀ ਹਨ।ਹਰ ਸਾਲ ਅੱਖਾਂ ਦਾਨ-ਮਹਾਨ ਦਾਨ-ਜੀਵਨ ਦਾਨ ਦੇ ਨਾਅਰੇ ਲਾਕੇ ਅੱਖਾਂ ਦਾਨ ਕਰਨ ਵਾਸਤੇ ਵਿਸ਼ੇਸ ਦਿਨ ਤੇ ਅੱਖਾਂ ਦਾਨ ਫਾਰਮ ਭਰਵਾਏ ਜਾਂਦੇ ਹਨ।ਪਰ ਅੱਖਾਂ ਦਾਨ ਕਰਨ ਦੇ ਢੁਕਵੇਂ ਪ੍ਰਬੰਧ ਨਹੀ ਹਨ ,ਨਾ ਹੀ ਅੱਖਾਂ ਦਾਨ ਲੈਣ ਦੀ ਕੋਸ਼ਿਸ ਕੀਤੀ ਜਾਂਦੀ ਹੈ ਤੇ ਨਾ ਹੀ ਨੇਤਰ ਬੈਂਕ ਸਹੀ ਢੰਗ ਨਾਲ ਚੱਲ ਰਹੇ ਹਨ।ਸਰਕਾਰ ਨੂੰ ਲੋੜੀਂਦੇ ਪ੍ਰਬੰਧਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਕੁਝ ਕੁ ਸਾਲ ਪਹਿਲਾਂ ਮਨੁੱਖੀ ਸਰੀਰ ਤੇ ਅੰਗਾਂ ਦੀ ਬੇਹੁਰਮਤੀ ਤੇ ਤਸ਼ਕਰੀ ਦੀਆਂ ਖਬਰਾਂ ਚਰਚਾ ਵਿੱਚ ਰਹੀਆਂ ਸਨ।ਪੀ ਜੀ ਆਈ ਚੰਡੀਗੜ ਵੱਲੋਂ ਕਾਲੇ ਮੋਤੀਏ ਨਾਲ ਖਰਾਬ ਹੋਈਆਂ ਅੱਖਾਂ ਦਾ ਸਫਲ ਇਲਾਜ਼ ਲੱਭ ਲਿਆ ਹੈ।ਨਵੀਂ ਤਕਨੀਕ ਨਾਲ ਅਪਰੇਸ਼ਨ ਹੋਣ ਤੋਂ ਬਾਅਦ ਅੱਖਾਂ ਦੀ ਰੋਸ਼ਨੀ ਠੀਕ ਹੋ ਜਾਂਦੀ ਤੇ ਐਨਕਾਂ ਦੀ ਵੀ ਲੋੜ ਨਹੀਂ ਰਹਿੰਦੀ।ਕਾਲਾ ਮੋਤੀਆ ਕਰਕੇ ਅੱਖਾਂ ਦਾ ਆਕਾਰ ਵੱਡਾ ਹੋ ਜਾਂਦਾ ਹੈ ਇਸ ਕਰ ਕੇ ਬੱਚੇ ਇਲਾਜ ਤੋਂ ਵਾਂਝੇ ਰਹਿ ਜਾਂਦੇ ਹਨ। ਇਸ ਤਕਨੀਕ ਵਿੱਚ ਅਪ੍ਰੇਸ਼ਨ ਕਰਕੇ ਲੈਨਜ ਅੱਖ ਦੇ ਅਕਾਰ ਦੇ ਵੱਡੇ ਲੈਨਜ ਬਨਣੇ ਸ਼ੁਰੂ ਹੋ ਗਏ ਹਨ।ਇਨਾਂ ਦੀ ਕੀਮਤ ਦੂਜੇ ਲੈਨਜ਼ ਜਿੰਨੀ ਹੈ।ਐਡਵਾਂਸ ਕਾਰਡਿਅਕ ਸੈਂਟਰ ਦੇ ਡਾਕਟਰ ਜਸਪ੍ਰੀਤ ਸਿੰਘ ਸਖੂਜਾ ਦੀ ਨਵੀਂ ਇਸ ਤਕਨੀਕ ਨੂੰ ਯੂਰਪੀਅਨ ਜਨਰਲ ਆਫ ਆਪਥਾਲੋਜੀ ਵਲੋਂ ਮਾਨਤਾ ਮਿਲ ਚੁੱਕੀ ਹੈ।ਉਨਾਂ ਅੱਖਾਂ ਦੇ ਵੱਡੇ ਅਕਾਰ ਦੇ ਲੈਨਜ਼ ਬਨਾਉਣੇ ਸ਼ੁਰੂ ਕਰ ਦਿਤੇ ਹਨ।ਅੱਖਾਂ ਕਾਲੀਆਂ, ਭੂਰੀਆਂ (ਬਿੱਲੀਆਂ), ਨੀਲੀਆਂ ਤੇ ਪੀਲੀਆਂ (ਖ਼ੂਨ ਦੀ ਕਮੀ ਜਾਂ ਪੀਲੀਏ ਕਾਰਨ) ਹੁੰਦੀਆਂ ਹਨ।ਕਈਆਂ ਦੀਆਂ ਅੱਖਾਂ ਮੋਟੀਆਂ ਤੇ ਕਈਆਂ ਦੀਆਂ ਨਿੱਕੀਆਂ ਅੰਦਰ ਨੂੰ ਧਸੀਆਂ ਹੁੰਦੀਆਂ ਹਨ। ਅੱਖਾਂ ਨਾਲ ਸਭ ਤੋਂ ਜਿਆਦਾ ਮੁਹਾਵਰੇ 50 ਦੇ ਕਰੀਬ ਹਨ, ਕਹਾਵਤਾਂ,ਗੀਤ, ਗਜ਼ਲਾਂ ਦੀ ਗਿਣਤੀ ਦਾ ਹਿਸਾਬ ਕੋਈ ਨਹੀ।